# ਇਕ ਵੇਲੇ ਇਕ ਕਦਮ

## ਆਫ਼ਤ ਤੋਂ ਪਹਿਲਾਂ ਵਾਲੀ ਹਾਲਤ ਵਿਚ ਆਉਣ ਲਈ ਗਾਈਡ


ਜਾਣ-ਪਛਾਣ

ਕਦਮ ਇਕ: ਆਪਣਾ ਅਤੇ ਆਪਣੇ ਪਰਿਵਾਰ ਦਾ ਖਿਆਲ ਰੱਖੋ

ਕਦਮ ਦੋ: ਪਹਿਲੀਆਂ ਚੀਜ਼ਾਂ ਪਹਿਲਾਂ ਕਰਨਾ

ਕਦਮ ਤਿੰਨ: ਆਪਣੇ ਘਰ ਵਿਚ ਮੁੜ ਕੇ ਜਾਣਾ

ਕਦਮ ਚਾਰ: ਖਾਣੇ, ਦਵਾਈਆਂ, ਪਾਣੀ ਅਤੇ ਸੂਅਜ਼

ਕਦਮ ਪੰਜ: ਸਫ਼ਾਈ ਕਰਨਾ – ਆਮ

ਕਦਮ ਛੇ: ਸਫ਼ਾਈ ਕਰਨਾ – ਹੜ੍ਹ ਤੋਂ ਬਾਅਦ

ਕਦਮ ਸੱਤ: ਸਫ਼ਾਈ ਕਰਨਾ – ਅੱਗ ਲੱਗਣ ਤੋਂ ਬਾਅਦ

ਕਦਮ ਅੱਠ: ਪੇਪਰਾਂ ਅਤੇ ਪੈਸਿਆਂ ਨੂੰ ਬਦਲਣਾ

ਕਦਮ ਨੌਂ: ਇਨਸ਼ੋਰੈਂਸ ਦਾ ਮਹੱਤਵ ਹੈ

ਕਦਮ ਦਸ: ਆਫ਼ਤ ਤੋਂ ਬਾਅਦ – ਆਪਣੇ ਘਰ ਦੀ ਮੁਰੰਮਤ ਕਰਵਾਉਣਾ

ਸੰਪਰਕ ਲਈ ਜਾਣਕਾਰੀ



BRITISH COLUMBIA

Ministry of Public Safety and Solicitor General

06/2007

# ਜਾਣ-ਪਛਾਣ

ਤੁਸੀਂ ਸਦਮੇ ਵਾਲੀ ਘਟਨਾ ਵਿਚ ਦੀ ਲੰਘੇ ਹੋ। ਭਾਵੇਂ ਇਹ ਭੁਚਾਲ ਸੀ, ਹੜ੍ਹ ਸੀ, ਅੱਗ ਸੀ ਜਾਂ ਸੁਨਾਮੀ ਸੀ, ਖ਼ਤਰਾ ਲੰਘ ਗਿਆ ਹੈ। ਪਰ ਆਪਣੇ ਮਨ ਵਿਚ, ਤੁਸੀਂ ਸਾਰੀ ਘਟਨਾ ਨੂੰ ਅਜੇ ਵੀ ਸਾਫ਼ ਸਾਫ਼ ਦੇਖ ਸਕਦੇ ਹੋ - ਅਤੇ ਇਸ ਨਾਲ ਲੱਗੇ ਡਰ ਅਤੇ ਫਿਕਰ ਨੂੰ ਮਹਿਸੂਸ ਕਰ ਸਕਦੇ ਹੋ।

ਅਜਿਹੀਆਂ ਭਾਵਨਾਵਾਂ ਦਾ ਆਉਣਾ ਆਮ ਗੱਲ ਹੈ। ਕਿਸੇ ਸਦਮੇ ਵਾਲੀ ਘਟਨਾ ਦਾ ਇਹ ਕੁਦਰਤੀ ਪ੍ਰਤਿਕਰਮ (ਰੀਐਕਸ਼ਨ) ਹੈ। ਵੱਡੀ ਗੱਲ ਇਹ ਯਾਦ ਰੱਖਣਾ ਹੈ ਕਿ ਤੁਸੀਂ ਬਚ ਗਏ ਹੋ। ਇਹ ਭਾਵਨਾਵਾਂ ਹੌਲੀ ਹੌਲੀ ਘਟ ਜਾਣਗੀਆਂ ਅਤੇ ਬਹੁਤੇ ਲੋਕਾਂ ਵਿਚ ਪੂਰੀ ਤਰ੍ਹਾਂ ਗਾਇਬ ਹੋ ਜਾਣਗੀਆਂ। ਇਸ ਨੂੰ ਸਮਾਂ ਲੱਗੇਗਾ ਅਤੇ ਤੁਹਾਨੂੰ ਮਦਦ ਦੀ ਲੋੜ ਪੈ ਸਕਦੀ ਹੈ, ਪਰ ਤੁਸੀਂ ਕੁਦਰਤੀ ਆਫ਼ਤ (ਡਿਜ਼ਾਸਟਰਜ਼) ਨੂੰ ਆਪਣੇ ਪਿੱਛੇ ਛੱਡ ਦੇਵੋਗੇ।

ਇਸ ਸਮੇਂ ਦੌਰਾਨ, ਬਹੁਤ ਸਾਰੀਆਂ ਚੀਜ਼ਾਂ ਕਰਨ ਵਾਲੀਆਂ ਹਨ। ਗੁਆਚੇ ਦਸਤਾਵੇਜ਼ (ਡਾਕੂਮੈਂਟਸ) ਲੱਭੋ, ਫਰਨੀਚਰ ਅਤੇ ਅਪਲਾਇੰਸਾਂ ਨੂੰ ਬਚਾਓ ... ਸਫ਼ਾਈ ਸ਼ੁਰੂ ਕਰੋ ... ਤੁਸੀਂ ਕਿੱਥੋਂ ਸ਼ੁਰੂ ਕਰਦੇ ਹੋ?

ਇੱਥੇ ਇਹ ਕਿਤਾਬ ਮਦਦ ਕਰ ਸਕਦੀ ਹੈ। ਆਪਣੀ ਜ਼ਿੰਦਗੀ ਨੂੰ ਵਾਪਸ ਲੀਹ 'ਤੇ ਲਿਆਉਣ ਲਈ ਤੁਹਾਨੂੰ ਜਿਹੜੇ ਕੰਮ ਕਰਨ ਦੀ ਲੋੜ ਹੈ, ਇਹ ਕਿਤਾਬ ਕਦਮਵਾਰ ਤੁਹਾਨੂੰ ਉਨ੍ਹਾਂ ਕੰਮਾਂ ਬਾਰੇ ਦੱਸਦੀ ਹੈ। ਅਤੇ ਇਹ ਕਦਮ ਚੁੱਕਣ ਦੌਰਾਨ, ਆਪਣੀ ਤਰੱਕੀ ਦਾ ਰਿਕਾਰਡ ਰੱਖਣ ਵਿਚ ਇਹ ਕਿਤਾਬ ਤੁਹਾਡੀ ਮਦਦ ਕਰੇਗੀ।

ਇਸ ਕਿਤਾਬ ਵਿਚ ਦੱਸੇ ਗਏ ਕੰਮ ਕਰਦੇ ਹੋਏ, ਹਰ ਕੰਮ ਦੇ ਮੁਕੰਮਲ ਹੋ ਜਾਣ 'ਤੇ ਕਿਤਾਬ ਵਿਚ ਨਿਸ਼ਾਨੀ ਲਾਓ। ਉਨ੍ਹਾਂ ਚੀਜ਼ਾਂ ਨੂੰ ਛੱਡ ਦਿਓ ਜਿਹੜੀਆਂ ਤੁਹਾਡੀ ਹਾਲਤ 'ਤੇ ਲਾਗੂ ਨਹੀਂ ਹੁੰਦੀਆਂ।

ਹੁਣ ਡੂੰਘਾ ਸਾਹ ਲਵੋ - ਅਤੇ ਸ਼ੁਰੂ ਹੋ ਜਾਵੋ।



# ਕਦਮ ਇਕ: ਆਪਣਾ ਅਤੇ ਆਪਣੇ ਪਰਿਵਾਰ ਦਾ ਖਿਆਲ ਰੱਖੋ

ਆਫ਼ਤਾਂ (ਡਿਜ਼ਾਸਟਰਜ਼) ਜਜ਼ਬਾਤੀ ਅਤੇ ਸਰੀਰਕ ਪ੍ਰਤਿਕਰਮ (ਰੀਐਕਸ਼ਨ) ਪੈਦਾ ਕਰ ਸਕਦੀਆਂ ਹਨ। ਕਿਸੇ ਆਫ਼ਤ ਵਿਚ ਫਸੇ ਲੋਕ ਆਮ ਤੌਰ ’ਤੇ ਡੌਰ-ਭੌਰ ਹੋ ਜਾਂਦੇ ਹਨ ਅਤੇ ਹੋ ਸਕਦਾ ਉਹ ਕੁਝ ਸਮੇਂ ਲਈ “ਆਪਣੇ ਆਪ ਵਿਚ” ਨਾ ਹੋਣ। ਉਹ ਕੰਬ ਸਕਦੇ ਹਨ ਜਾਂ ਸੁੰਨ ਹੋ ਗਏ ਮਹਿਸੂਸ ਕਰ ਸਕਦੇ ਹਨ। ਆਫ਼ਤ ਤੋਂ ਫੌਰਨ ਬਾਅਦ, ਉਨ੍ਹਾਂ ਦਾ ਬੌਂਦਲੇ ਹੋਏ, ਸਦਮੇ ਵਿਚ ਹੋਣਾ ਅਤੇ ਜਿਊਂਦੇ ਹੋਣ ’ਤੇ ਰਾਹਤ ਮਹਿਸੂਸ ਕਰਨਾ ਆਮ ਗੱਲ ਹੈ। ਇਸ ਕਰਕੇ ਹੀ ਅਗਲੇ ਦਿਨਾਂ ਅਤੇ ਹਫਤਿਆਂ ਵਿਚ ਆਪਣਾ ਅਤੇ ਆਪਣੇ ਪਰਿਵਾਰ ਦਾ ਜ਼ਿਆਦਾ ਖਿਆਲ ਰੱਖਣਾ ਮਹੱਤਵਪੂਰਨ ਹੈ। ਤੁਹਾਨੂੰ ਇਹ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ:

- ਆਰਾਮ ਕਰਨ ਅਤੇ ਚੰਗੀ ਤਰ੍ਹਾਂ ਖਾਣ ਦੀ।
- ਆਪਣੇ ਕੰਮ ਕਾਰ ਇਸ ਤਰ੍ਹਾਂ ਕਰਨ ਦੀ ਜਿਹੜੇ ਕਾਬੂ ਵਿਚ ਰਹਿਣ। ਲਿਸਟ ਬਣਾਉ ਅਤੇ ਇਕ ਵੇਲੇ ਇਕ ਕੰਮ ਕਰੋ। ਇਹ ਫੈਸਲਾ ਕਰੋ ਕਿ ਫੌਰਨ ਕੀ ਕਰਨ ਦੀ ਲੋੜ ਹੈ ਅਤੇ ਬਾਕੀ ਕੰਮ ਘੱਟ ਤਣਾਉ ਵਾਲੇ ਸਮੇਂ ਤੱਕ ਮੁਲਤਵੀ ਕਰ ਦਿਉ।
- ਜਿੰਨਾ ਵੀ ਸੰਭਵ ਹੋ ਸਕੇ ਸਰੀਰਕ ਤੌਰ ’ਤੇ ਚੁਸਤ ਰਹਿਣ ਦੀ।
- ਦੂਜਿਆਂ ਦੀ ਮਦਦ ਮਨਜ਼ੂਰ ਕਰਨ ਦੀ – ਕੀ ਤੁਸੀਂ ਉਨ੍ਹਾਂ ਦੀ ਮਦਦ ਨਹੀਂ ਕਰੋਗੇ? ਆਪਣੀ ਪੂੰਜੀ, ਆਪਣੇ ਕੰਮ ਜਾਂ ਹੋਰ ਫਿਕਰਾਂ ਨਾਲ ਸੰਬੰਧਿਤ ਵਿਹਾਰਕ ਮਸਲਿਆਂ ਬਾਰੇ ਮਦਦ ਅਤੇ ਸਲਾਹ ਲਵੋ।
- ਕਿਸੇ ਨੂੰ ਕਲਾਵੇ ਵਿਚ ਲੈਣ ਦੀ – ਛੋਹ ਬਹੁਤ ਮਹੱਤਵਪੂਰਨ ਹੈ।
- ਧਰਵਾਸ ਦੇਣ ਵਾਲੇ ਉਨ੍ਹਾਂ ਹੁਨਰਾਂ ਬਾਰੇ ਸੋਚਣ ਦੀ ਜਿਹੜੇ ਤੁਸੀਂ ਹੋਰ ਔਖੇ ਸਮਿਆਂ ਵਿਚ ਵਰਤੇ ਹਨ, ਅਤੇ ਉਨ੍ਹਾਂ ਦੀ ਹੁਣ ਵਰਤੋਂ ਕਰਨ ਦੀ।
- ਵਧੀਆ ਗੱਲਾਂ ਚੇਤੇ ਕਰਨ ਵੱਲ ਧਿਆਨ ਦੇਣ ਦੀ।

**ਤਣਾਉ ਬਾਰੇ ਦੱਸਣ ਵਾਲੀਆਂ ਨਿਸ਼ਾਨੀਆਂ:**

- ਛੇਤੀ ਗੁੱਸਾ ਆਉਣਾ, ਅਕਸਰ ਬਹਿਸ ਕਰਨਾ
- ਸ਼ਰਾਬ ਜ਼ਿਆਦਾ ਪੀਣ ਲੱਗ ਪੈਣਾ
- ਨਿੱਕੀ ਜਿਹੀ ਗੱਲ ’ਤੇ ਅੱਪਸੈਟ ਹੋਣਾ
- ਸੌਣ ਵਿਚ ਮੁਸ਼ਕਲ ਆਉਣਾ, ਮਾੜੇ ਸੁਪਨੇ ਆਉਣਾ
- ਦਰਦ, ਪੀੜਾਂ ਹੋਣਾ ਅਤੇ ਪੇਟ ਵਿਚ ਖਰਾਬੀ ਹੋਣਾ
- ਲਾਪਰਵਾਹੀ, ਧਿਆਨ ਕੇਂਦਰਿਤ ਨਾ ਕਰ ਹੋਣਾ
- ਉਦਾਸੀ ਰੋਗ (ਡਿਪਰੈਸ਼ਨ)

ਆਪਣੇ ਬੱਚਿਆਂ ਦੇ ਪ੍ਰਤਿਕਰਮਾਂ ਤੋਂ ਸੁਚੇਤ ਹੋਣਾ ਜ਼ਰੂਰੀ ਹੈ। ਉਹ ਅੰਗੂਠਾ ਚੁੰਘਣਾ ਜਾਂ ਮੰਜੇ ’ਤੇ ਪਿਸ਼ਾਬ ਕਰਨਾ ਸ਼ੁਰੂ ਕਰ ਸਕਦੇ ਹਨ, ਤੁਹਾਨੂੰ ਚੰਬੜੇ ਰਹਿ ਸਕਦੇ ਹਨ ਜਾਂ ਡਰੇ ਹੋਏ ਹੋ ਸਕਦੇ ਹਨ। ਬੱਚੇ ਆਪਣੇ ਆਪ ਵਿਚ ਲੀਨ ਹੋ ਸਕਦੇ ਹਨ ਅਤੇ ਬਹਾਦਰ ਬਣਨ ਦੀ ਕੋਸ਼ਿਸ਼ ਕਰ ਸਕਦੇ ਹਨ, ਜਦੋਂ ਉਨ੍ਹਾਂ ਨੂੰ ਤੁਹਾਡੇ ਭਰੋਸੇ ਦੀ ਲੋੜ ਹੁੰਦੀ ਹੈ। ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਮੁੜ ਕੇ ਲੀਹ ’ਤੇ ਪਾਉਣ ਲਈ, ਇਹ ਗੱਲਬਾਤ ਕਰੋ ਕਿ ਕੀ ਹੋਇਆ ਹੈ। ਕੁਝ ਸੁਝਾਅ ਇਹ ਹਨ:

- ਬੱਚਿਆਂ ਨੂੰ ਆਪਣੇ ਮਨ ਦੀ ਗੱਲ ਦੱਸਣ ਲਈ ਉਤਸ਼ਾਹ ਦਿਉ। ਉਹ ਅਜਿਹਾ ਗੱਲਬਾਤ ਰਾਹੀਂ ਦੱਸਣ ਦੀ ਬਜਾਏ ਡਰਾਇੰਗ ਕਰਕੇ ਜਾਂ ਖੇਡ ਕੇ ਦੱਸਣਾ ਚਾਹ ਰਹੇ ਹੋ ਸਕਦੇ ਹਨ।
- ਉਨ੍ਹਾਂ ਦੇ ਡਰਾਂ ਨੂੰ ਗੰਭੀਰਤਾ ਨਾਲ ਲਉ, ਉਨ੍ਹਾਂ ਨੂੰ ਮੁੜ ਕੇ ਭਰੋਸਾ ਦਿਵਾਉ ਅਤੇ ਉਨ੍ਹਾਂ ਵੱਲ ਜ਼ਿਆਦਾ ਧਿਆਨ ਦਿਉ। ਉਨ੍ਹਾਂ ਕੋਲ ਇਹ ਮੰਨੋ ਕਿ ਤੁਸੀਂ ਵੀ ਡਰ ਮਹਿਸੂਸ ਕੀਤਾ ਸੀ ਅਤੇ ਅਜੇ ਵੀ ਤੁਹਾਨੂੰ ਡਰ ਜਾਂ ਚਿੰਤਾ ਦੇ ਕੁਝ ਖਿਆਲ ਆਉਂਦੇ ਹਨ, ਪਰ ਸਮੇਂ ਅਤੇ ਸੰਭਵ ਤੌਰ ’ਤੇ ਕੁਝ ਬਾਹਰੀ ਮਦਦ ਨਾਲ ਤੁਸੀਂ ਰਲ ਕੇ ਇਸ ਵਿੱਚੋਂ ਲੰਘ ਜਾਵੋਗੇ।
- ਬੱਚਿਆਂ ਨੂੰ ਦੱਸੋ ਕਿ ਤੁਸੀਂ ਆਫ਼ਤ ਬਾਰੇ ਕੀ ਜਾਣਦੇ ਹੋ। ਈਮਾਨਦਾਰੀ ਨਾਲ ਗੱਲ ਕਰੋ ਪਰ ਸਹਿਜ ਰਹੋ। ਉਨ੍ਹਾਂ ਨਾਲ ਆਫ਼ਤ ਬਾਰੇ ਗੱਲ ਕਰੋ।
- ਜਦੋਂ ਵੀ ਸੰਭਵ ਹੋਵੇ ਬੱਚਿਆਂ ਨੂੰ ਆਪਣੇ ਨਾਲ ਰੱਖੋ, ਭਾਵੇਂ ਕਿ ਇਕੱਲਿਆਂ, ਰਿਹਾਇਸ਼ ਜਾਂ ਹੋਰ ਮਦਦ ਬਾਰੇ ਲੱਭਣਾ ਸੌਖਾ ਵੀ ਲੱਗਦਾ ਹੋਵੇ। ਇਸ ਤਰ੍ਹਾਂ ਦੇ ਸਮੇਂ ਦੌਰਾਨ, ਸਾਰੇ ਪਰਿਵਾਰ ਦਾ ਇਕੱਠੇ ਰਹਿਣਾ ਬਹੁਤ ਚੰਗਾ ਹੈ।
- ਪਿਛਾਂਹਖਿੱਚੂ ਵਤੀਰੇ ਦੀ ਆਸ ਰੱਖੋ ਅਤੇ ਇਸ ਨੂੰ ਜਰੋ।
- ਉਨ੍ਹਾਂ ਨੂੰ ਕਰਨ ਲਈ ਕੋਈ ਅਸਲੀ ਕੰਮ ਦਿਉ, ਕੋਈ ਅਜਿਹਾ ਕੰਮ ਜਿਸ ਨਾਲ ਪਰਿਵਾਰ ਮੁੜ ਕੇ ਆਪਣੇ ਪੈਰਾਂ ’ਤੇ ਆਉਂਦਾ ਹੋਵੇ, ਅਤੇ ਨੁਕਸਾਨ ਨੂੰ ਯਾਦ ਰੱਖਣ ਦੀ ਯੋਜਨਾਬੰਦੀ ਵਿਚ ਉਨ੍ਹਾਂ ਨੂੰ ਮਦਦ ਕਰਨ ਦਿਉ।
- ਆਪਣੇ ਜਾਂ ਆਪਣੇ ਪਰਿਵਾਰ ਵਿਚ ਸਿਹਤ ਨਾਲ ਸੰਬੰਧਿਤ ਸਮੱਸਿਆਵਾਂ ਅਤੇ ਤਣਾਉ ਦੀਆਂ ਨਿਸ਼ਾਨੀਆਂ ’ਤੇ ਨਿਗ੍ਹਾ ਰੱਖੋ ਜਿਵੇਂ ਕਿ ਡਰਾਉਣੇ ਸੁਪਨੇ ਆਉਣਾ ਅਤੇ ਡਿਪਰੈਸ਼ਨ। ਲੋੜ ਹੋਵੇ ਤਾਂ ਮਦਦ ਲਵੋ। ਤੁਹਾਡੀ ਕਮਿਉਨਟੀ ਵਿਚ ਕਈ ਸੰਸਥਾਵਾਂ ਸਲਾਹ-ਮਸ਼ਵਰਾ ਅਤੇ ਮਦਦ ਦੀਆਂ ਹੋਰ ਸੇਵਾਵਾਂ ਦੇ ਸਕਦੀਆਂ ਹਨ।
- ਨੇਮ (ਦੰਦਾਂ ’ਤੇ ਬੁਰਸ਼ ਕਰਨਾ, ਸੌਣ ਵੇਲੇ ਕਹਾਣੀਆਂ ਸੁਣਾਉਣਾ) ਅਤੇ ਕੰਮ (ਪਾਉਣ ਲਈ ਆਪਣੇ ਕੱਪੜਿਆਂ ਦੀ ਚੋਣ ਆਪ ਕਰਨਾ, ਆਦਿ) ਜਾਰੀ ਰੱਖੋ।
- ਡਰਾਉਣੀਆਂ ਘਟਨਾਵਾਂ ਦੀਆਂ ਖਬਰਾਂ ਦੇਖਣ ਤੋਂ ਪਰਹੇਜ਼ ਕਰੋ ਜਾਂ ਘੱਟ ਤੋਂ ਘੱਟ ਦੇਖੋ।

ਇਹ ਸਮਝੋ ਕਿ ਜਦੋਂ ਤੁਹਾਡਾ ਨੁਕਸਾਨ ਹੁੰਦਾ ਹੈ ਤਾਂ ਤੁਸੀਂ ਦੁਖੀ ਹੋ ਸਕਦੇ ਹੋ – ਨਿੱਜੀ ਦੁਰਲੱਭ ਵਸਤਾਂ, ਆਪਣੇ ਘਰ, ਆਪਣੀ ਸੁਰੱਖਿਆ, ਪਾਲਤੂ ਜਾਨਵਰ ਦਾ ਨੁਕਸਾਨ ਹੋਣ ’ਤੇ। ਤੁਹਾਨੂੰ ਗੁੱਸਾ ਆ ਸਕਦਾ ਹੈ। ਹੋ ਸਕਦਾ ਤੁਸੀਂ ਸੌਂ ਨਾ ਸਕੋ ਜਾਂ ਚੰਗੀ ਤਰ੍ਹਾਂ ਖਾ ਨਾ ਸਕੋ। ਦੁਖੀ ਹੋਣ ਦੇ ਇਹ ਕੁਦਰਤੀ ਪ੍ਰਤਿਕਰਮ ਹਨ। ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਸੋਗ ਮਨਾਉਣ ਅਤੇ ਠੀਕ ਹੋਣ ਲਈ ਸਮਾਂ ਦਿਉ।

# ਕਦਮ ਦੋ: ਪਹਿਲੀਆਂ ਚੀਜ਼ਾਂ ਪਹਿਲਾਂ ਕਰਨਾ

***ਆਪਣੇ ਘਰ ਦੇ ਨੁਕਸਾਨ ਜਾਂ ਇਸ ਦੀ ਬਰਬਾਦੀ ਤੋਂ ਬਾਅਦ ਜਿੰਨਾ ਵੀ ਛੇਤੀ ਹੋ ਸਕੇ ਇਹ ਚੀਜ਼ਾਂ ਕਰੋ। ਜੇ ਤੁਸੀਂ ਕਰ ਸਕਦੇ ਹੋਵੋ ਤਾਂ ਇਹ ਘਰ ਨੂੰ ਛੱਡ ਕੇ ਜਾਣ ਤੋਂ ਪਹਿਲਾਂ ਕਰੋ।***

☐ **ਜੇ ਤੁਹਾਡਾ ਘਰ ਕਿਰਾਏ ਜਾਂ ਲੀਜ਼ 'ਤੇ ਹੈ ਤਾਂ ਬਿਲਡਿੰਗ ਦੇ ਮਾਲਕ ਜਾਂ ਮੈਨੇਜਰ ਨਾਲ ਸੰਪਰਕ ਕਰੋ।**

☐ **ਆਪਣੇ ਪਰਿਵਾਰ ਦਾ ਟਿਕਾਣਾ ਬਣਾਉ।** ਜੇ ਤੁਹਾਡਾ ਘਰ ਰਹਿਣਯੋਗ ਨਹੀਂ ਹੈ, ਅਤੇ ਜੇ ਤੁਸੀਂ ਪਰਿਵਾਰ ਅਤੇ ਦੋਸਤਾਂ ਕੋਲ ਨਹੀਂ ਰਹਿ ਸਕਦੇ ਤਾਂ ਤੁਸੀਂ ਲੋਕਲ ਐਮਰਜੰਸੀ ਸੋਸ਼ਲ ਸਰਵਿਸਿਜ਼ ਦੇ ਅਮਲੇ ਵਲੋਂ ਰਿਹਾਇਸ਼ਾਂ ਦੇ ਕੀਤੇ ਗਏ ਆਰਜ਼ੀ ਪ੍ਰਬੰਧ ਵਿਚ ਜਾ ਸਕਦੇ ਹੋ। ਕਿਸੇ ਵੱਡੀ ਆਫ਼ਤ ਤੋਂ ਬਾਅਦ, ਸਥਾਨਕ ਸਰਕਾਰ ਜਿੱਥੇ ਸੰਭਵ ਹੋਵੇ, ਰਿਹਾਇਸ਼ ਦੀਆਂ ਸੁਰੱਖਿਅਤ ਥਾਂਵਾਂ ਵਿਚ ਆਰਜ਼ੀ ਰਿਹਾਇਸ਼ ਕਾਇਮ ਕਰ ਸਕਦੀ ਹੈ। ਪਰਿਵਾਰ ਨੂੰ ਇਕੱਠਾ ਰੱਖਣ ਦੀ ਕੋਸ਼ਿਸ਼ ਕਰੋ – ਸਾਥ ਨਾਲ ਇਕ ਦੂਜੇ ਦੀ ਮਦਦ ਹੁੰਦੀ ਹੈ।

☐ **ਜੇ ਤੁਹਾਡੇ ਕੋਲ ਇਨਸ਼ੋਰੈਂਸ ਹੈ ਤਾਂ ਆਪਣੇ ਏਜੰਟ, ਬਰੋਕਰ ਜਾਂ ਇਨਸ਼ੋਰੈਂਸ ਕੰਪਨੀ ਨਾਲ ਸੰਪਰਕ ਕਰੋ।** *(ਇਸ ਵਿਸ਼ੇ ਬਾਰੇ ਹੋਰ ਜਾਣਕਾਰੀ ਲੈਣ ਲਈ ਇਸ ਕਿਤਾਬ ਵਿਚ **ਕਦਮ ਨੌਂ** ਦੇਖੋ।)* ਆਪਣਾ ਕਲੇਮ ਸ਼ੁਰੂ ਕਰਨ ਲਈ ਅਜਿਹਾ ਜਿੰਨਾ ਵੀ ਛੇਤੀ ਹੋ ਸਕੇ ਕਰੋ। ਬਹੁਤੀਆਂ ਪਾਲਿਸੀਆਂ, ਰਿਹਾਇਸ਼, ਖਾਣਿਆਂ ਅਤੇ ਕੱਪੜਿਆਂ ਦੇ ਖਰਚਿਆਂ ਨੂੰ ਵਾਜਬ ਸਮੇਂ ਤੱਕ ਕਵਰ ਕਰਦੀਆਂ ਹਨ, ਜਿਸ ਸਮੇਂ ਦੀ ਘਰ ਦੀ ਮੁਰੰਮਤ ਕਰਨ ਜਾਂ ਪਾਲਸੀ ਦੀਆਂ ਹੱਦਾਂ ਤੱਕ ਦੁਬਾਰਾ ਉਸਾਰਨ ਦੀ ਲੋੜ ਹੁੰਦੀ ਹੈ।

☐ **ਕੀਮਤੀ ਅਤੇ ਜ਼ਰੂਰੀ ਚੀਜ਼ਾਂ ਚੁੱਕ ਲਵੋ।** ਘਰ ਵਿਚ ਉਦੋਂ ਤੱਕ ਦਾਖਲ **ਨਾ** ਹੋਵੋ ਜਦ ਤੱਕ ਤੁਹਾਨੂੰ ਇਹ ਪਤਾ ਨਹੀਂ ਲੱਗ ਜਾਂਦਾ ਕਿ ਅਜਿਹਾ ਕਰਨਾ ਸੁਰੱਖਿਅਤ ਹੈ, ਜਾਂ ਜਦ ਤੱਕ ਏਰੀਏ ਵਿਚ ਵੜਨ ਲਈ ਹਰੀ ਬੱਤੀ ਨਹੀਂ ਦੇ ਦਿੱਤੀ ਜਾਂਦੀ (*ਇਸ ਕਿਤਾਬ ਵਿਚ **ਕਦਮ ਤਿੰਨ*** ਦੇਖੋ)। ਇਹ ਚੀਜ਼ਾਂ ਕੱਢਣ ਦੀ ਕੋਸ਼ਿਸ਼ ਕਰੋ:

- ਜ਼ਰੂਰੀ ਕਾਨੂੰਨੀ ਦਸਤਾਵੇਜ਼ (ਡਾਕੂਮੈਂਟਸ)
- ਪਛਾਣ-ਪੱਤਰ
- ਜ਼ਰੂਰੀ ਦਵਾਈਆਂ
- ਐਨਕਾਂ ਅਤੇ ਸੁਣਨ ਵਿਚ ਮਦਦ ਕਰਨ ਵਾਲੇ ਯੰਤਰ
- ਕਰੈਡਿਟ ਕਾਰਡ
- ਚੈੱਕ ਬੁੱਕਾਂ ਅਤੇ ਚੈੱਕ
- ਇਨਸ਼ੋਰੈਂਸ ਦੀਆਂ ਪਾਲਿਸੀਆਂ
- ਪੈਸੇ
- ਗਹਿਣੇ
- ਫੋਟੋਆਂ ਅਤੇ ਭਾਵੁਕ ਕਰਨ ਵਾਲੀਆਂ ਹੋਰ ਚੀਜ਼ਾਂ (ਖਾਸ ਕਰਕੇ ਜਿਹੜੀਆਂ ਬੱਚਿਆਂ ਲਈ ਮਹੱਤਵਪੂਰਨ ਹਨ)।

**ਚਿਤਾਵਨੀ:**
ਜੇ ਅੱਗ ਨੇ ਸੇਫ ਦਾ ਆਲਾ ਦੁਆਲਾ ਸਾੜ ਦਿੱਤਾ ਹੈ ਤਾਂ ਇਸ ਨੂੰ ਉਦੋਂ ਤੱਕ ਖੋਲ੍ਹਣ ਦਾ ਯਤਨ ਨਾ ਕਰੋ ਜਦ ਤੱਕ ਇਸ ਦਾ ਬਾਹਰਲਾ ਪਾਸਾ ਠੰਢਾ ਨਹੀਂ ਹੋ ਜਾਂਦਾ।

☐ **ਘਰ ਨੂੰ ਸੁਰੱਖਿਅਤ ਕਰੋ।** ਇਹ ਪੱਕਾ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੈ ਕਿ ਘਰ ਹੋਰ ਨੁਕਸਾਨ ਤੋਂ ਸੁਰੱਖਿਅਤ ਹੋ ਗਿਆ ਹੈ। ਜੇ ਤੁਸੀਂ ਕਿਰਾਏ 'ਤੇ ਰਹਿ ਰਹੇ ਹੋ ਤਾਂ ਮਕਾਨ-ਮਾਲਕ ਜਾਂ ਪ੍ਰਾਪਰਟੀ ਮੈਨੇਜਰ ਇਸ ਲਈ ਜ਼ਿੰਮੇਵਾਰ ਹੋਣਾ ਚਾਹੀਦਾ ਹੈ। ਜੇ ਤੁਸੀਂ ਘਰ ਦੇ ਮਾਲਕ ਹੋ ਤਾਂ ਇਹ ਕਰਨ ਦੀ ਲੋੜ ਹੈ:

- ਟੁੱਟੀਆਂ ਖਿੜਕੀਆਂ ਅਤੇ ਦਰਵਾਜ਼ਿਆਂ 'ਤੇ ਫੱਟੇ ਲਗਾ ਦਿਉ।
- ਛੱਤ ਅਤੇ ਕੰਧਾਂ ਵਿਚਲੀਆਂ ਮੋਰੀਆਂ ਨੂੰ ਬੰਦ ਕਰੋ।
- ਸਰਦੀਆਂ ਵਿਚ, ਜੇ ਘਰ ਨੂੰ ਕੁਝ ਸਮੇਂ ਲਈ ਗਰਮ ਨਹੀਂ ਕੀਤਾ ਜਾਣਾ ਤਾਂ ਪਾਣੀ ਵਾਲੀਆਂ ਲਾਈਨਾਂ ਵਿੱਚੋਂ ਪਾਣੀ ਕੱਢ ਦਿਉ।

ਤੁਸੀਂ ਇਹ ਚੀਜ਼ਾਂ ਆਪ ਕਰ ਸਕਦੇ ਹੋ ਜਾਂ ਕਿਸੇ ਠੇਕੇਦਾਰ (ਕੌਨਟਰੈਕਟਰ) ਨੂੰ ਸੱਦ ਸਕਦੇ ਹੋ (ਯੈਲੋ ਪੇਜਿਜ਼ ਵਿਚ "ਕੌਨਟਰੈਕਟਰਜ਼ – ਜਨਰਲ" ਜਾਂ "ਫਾਇਰ ਐਂਡ ਵਾਟਰ ਡੈਮੇਜ ਰੈਸਟੋਰੇਸ਼ਨ" ਹੇਠ ਦੇਖੋ।) ਕੁਝ ਕੇਸਾਂ ਵਿਚ, ਅੱਗ ਬੁਝਾਉਣ ਵਾਲਾ ਮਹਿਕਮਾ ਤੁਹਾਡੇ ਲਈ ਪ੍ਰਾਪਰਟੀ ਨੂੰ ਸੁਰੱਖਿਅਤ ਕਰੇਗਾ, ਜਾਂ ਮਿਊਂਸਪਲ ਦਾ ਹਾਊਸਿੰਗ ਵਿਭਾਗ ਅਜਿਹਾ ਕਰੇਗਾ। ਇਨਸ਼ੋਰੈਂਸ ਵਾਲੀ ਪ੍ਰਾਪਰਟੀ ਨੂੰ ਸੁਰੱਖਿਅਤ ਕਰਨ ਲਈ ਆਇਆ ਵਾਜਬ ਖਰਚਾ ਤੁਹਾਡੀ ਇਨਸ਼ੋਰੈਂਸ ਪਾਲਸੀ ਦੇ ਸਕਦੀ ਹੈ।

ਜੇ ਤੁਹਾਡੀ ਪ੍ਰਾਪਰਟੀ ਵਿਚ ਚੋਰੀ ਹੋ ਜਾਂਦੀ ਹੈ ਤਾਂ ਫੌਰਨ ਪੁਲੀਸ ਨਾਲ ਸੰਪਰਕ ਕਰੋ। ਉਨ੍ਹਾਂ ਨੂੰ ਦੱਸੋ ਕਿ ਕਿਹੜੀ ਚੀਜ਼ ਚੋਰੀ ਹੋਈ ਹੈ। ਚੋਰੀ ਲਈ ਇਨਸ਼ੋਰੈਂਸ ਦਾ ਕਲੇਮ ਕਰਨ ਲਈ ਇਸ ਰਿਪੋਰਟ ਦੀ ਲੋੜ ਪੈ ਸਕਦੀ ਹੈ ਜੋ ਕਿ ਕਿਸੇ ਆਫ਼ਤ ਨਾਲ ਹੋਏ ਨੁਕਸਾਨ ਦੇ ਕਲੇਮ ਤੋਂ ਵੱਖਰਾ ਹੁੰਦਾ ਹੈ।

☐ **ਆਪਣੇ ਪਾਲਤੂ ਜਾਨਵਰਾਂ ਦਾ ਖਿਆਲ ਰੱਖੋ।** ਜੇ ਕੋਈ ਜਾਨਵਰ ਗੁਆਚ ਜਾਵੇ ਤਾਂ **ਐੱਸ ਪੀ ਸੀ ਏ** ਜਾਂ ਜਾਨਵਰਾਂ ਨੂੰ ਡੱਕਣ ਵਾਲੇ ਲੋਕਲ ਵਾੜੇ (ਪਾਉਂਡ) ਨਾਲ ਸੰਪਰਕ ਕਰੋ। ਪਾਲਤੂ ਜਾਨਵਰ ਆਫ਼ਤ ਵਿਚ ਜ਼ਖਮੀ ਹੋਏ ਹੋ ਸਕਦੇ ਹਨ ਅਤੇ ਉਹ ਵੀ ਤਣਾਉ ਵਿਚ ਹੋ ਸਕਦੇ ਹਨ। ਜੇ ਤੁਹਾਨੂੰ ਕੁਝ ਸਮੇਂ ਲਈ ਮੂਵ ਹੋਣਾ ਪੈਣਾ ਹੈ ਤਾਂ ਜੇ ਸੰਭਵ ਹੋਵੇ ਤਾਂ ਆਪਣੇ ਜਾਨਵਰਾਂ ਨੂੰ ਆਪਣੇ ਨਾਲ ਲਿਜਾਉ। ਇਹ ਪੱਕਾ ਕਰੋ ਕਿ ਉਨ੍ਹਾਂ ਨੂੰ ਖਾਣ ਅਤੇ ਪੀਣ ਲਈ ਪੂਰਾ ਮਿਲ ਰਿਹਾ ਹੈ ਅਤੇ ਉਨ੍ਹਾਂ ਦੀ ਪੂਰੀ ਕਸਰਤ ਹੋ ਰਹੀ ਹੈ। ਜੇ ਸੰਭਵ ਹੋਵੇ, ਤਾਂ ਖੁਰਾਕ ਦੀ ਪਹਿਲਾਂ ਵਾਲੀ ਕਿਸਮ ਹੀ ਜਾਰੀ ਰੱਖੋ ਕਿਉਂਕਿ ਖੁਰਾਕ ਵਿਚ ਆਈ ਤਬਦੀਲੀ ਹੋਰ ਗੁੰਝਲਾਂ ਪੈਦਾ ਕਰ ਸਕਦੀ ਹੈ। ਆਮ ਤੌਰ 'ਤੇ ਸ਼ਾਂਤ ਰਹਿਣ ਵਾਲੇ ਅਤੇ ਦੋਸਤਾਨਾ ਬਿੱਲੀਆਂ ਅਤੇ ਕੁੱਤੇ ਲੜਾਕੇ ਅਤੇ ਰੱਖਿਆਕਾਰੀ ਬਣ ਸਕਦੇ ਹਨ, ਇਸ ਕਰਕੇ ਪਾਲਤੂ ਜਾਨਵਰਾਂ ਦੇ ਮਾਲਕਾਂ ਨੂੰ ਜ਼ਿਆਦਾ ਖਿਆਲ ਰੱਖਣ ਅਤੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਦੀ ਲੋੜ ਹੁੰਦੀ ਹੈ।

☐ **ਜੇ ਤੁਸੀਂ ਮੂਵ ਹੋ ਗਏ ਹੋ ਤਾਂ ਇਸ ਬਾਰੇ ਲੋਕਾਂ ਨੂੰ ਦੱਸੋ, ਭਾਵੇਂ ਤੁਸੀਂ ਥੋੜ੍ਹੇ ਸਮੇਂ ਲਈ ਹੀ ਗਏ ਹੋ।** ਇਨ੍ਹਾਂ ਨੂੰ ਆਪਣਾ ਨਵਾਂ ਐਡਰੈਸ ਦੇਣਾ ਯਾਦ ਰੱਖੋ:

- ਪੋਸਟ ਆਫਿਸ ਨੂੰ
- ਬੈਂਕਾਂ ਨੂੰ
- ਸਕੂਲ ਨੂੰ
- ਜਿਹੜੀਆਂ ਅਖਬਾਰਾਂ ਅਤੇ ਮੈਗਜ਼ੀਨ ਤੁਸੀਂ ਮੰਗਾਉਂਦੇ ਹੋ, ਉਨ੍ਹਾਂ ਨੂੰ
- ਕਰੈਡਿਟ ਕਾਰਡ ਕੰਪਨੀਆਂ ਨੂੰ
- ਯੂਟਿਲਟੀ ਕੰਪਨੀਆਂ ਨੂੰ (ਹਾਈਡਰੋ, ਗੈਸ, ਟੈਲੀਫੋਨ)
- ਪਰਿਵਾਰ ਅਤੇ ਦੋਸਤਾਂ ਨੂੰ

# ਕਦਮ ਤਿੰਨ: ਆਪਣੇ ਘਰ ਵਿਚ ਮੁੜ ਕੇ ਜਾਣਾ

ਜੇ ਤੁਹਾਨੂੰ ਆਫ਼ਤ ਕਰਕੇ ਆਪਣਾ ਘਰ ਛੱਡਣ ਲਈ ਮਜਬੂਰ ਹੋਣਾ ਪਿਆ ਹੈ ਤਾਂ ਹੋ ਸਕਦਾ ਹੈ ਕਿ ਜੇ ਸੰਭਵ ਹੋਵੇ ਤਾਂ ਤੁਸੀਂ ਮੁੜ ਕੇ ਘਰ ਵਿਚ ਜਾਣਾ ਚਾਹੁੰਦੇ ਹੋਵੋ ਤਾਂ ਜੋ ਤੁਸੀਂ ਆਪਣੀਆਂ ਚੀਜ਼ਾਂ ਕੱਢ ਸਕੋ ਅਤੇ ਨੁਕਸਾਨ ਦਾ ਹਿਸਾਬ-ਕਿਤਾਬ ਲਾ ਸਕੋ। ਪੂਰੀ ਤਰ੍ਹਾਂ ਤਿਆਰੀ ਕਰਕੇ ਅਤੇ ਸਾਵਧਾਨੀ ਨਾਲ ਜਾਣ ਨਾਲ ਠੀਕ ਠਾਕ ਰਹਿਣ ਵਿਚ ਤੁਹਾਡੀ ਮਦਦ ਹੋਵੇਗੀ ਅਤੇ ਘਰ ਵਿਚ ਮੁੜ ਕੇ ਦਾਖਲ ਹੋਣ ਵੇਲੇ ਸੱਟ-ਚੋਟ ਤੋਂ ਬਚਾਅ ਹੋਵੇਗਾ।

☐ **ਤਬਾਹ ਹੋਈਆਂ ਬਿਲਡਿੰਗਾਂ ਤੋਂ ਬਾਹਰ ਰਹੋ:** ਸਿਰਫ਼ ਉਦੋਂ ਹੀ ਵਾਪਸ ਜਾਉ ਜਦੋਂ ਅਧਿਕਾਰੀ ਇਹ ਕਹਿਣ ਕਿ ਅਜਿਹਾ ਕਰਨਾ ਸੁਰੱਖਿਅਤ ਹੈ। ਆਪਣਾ ਲੋਕਲ ਰੇਡਿਉ ਸੁਣਦੇ ਰਹੋ ਜਾਂ ਟੈਲੀਵੀਜ਼ਨ ਦੇਖਦੇ ਰਹੋ।

☐ **ਉਨ੍ਹਾਂ ਚੀਜ਼ਾਂ ਨੂੰ ਜੋੜੋ ਜਿਨ੍ਹਾਂ ਦੀ ਤੁਹਾਨੂੰ ਲੋੜ ਪੈ ਸਕਦੀ ਹੈ:**

- ਬੈਟਰੀਆਂ ਨਾਲ ਚੱਲਣ ਵਾਲੀ ਲੈਂਟਰਨ ਜਾਂ ਫਲੈਸ਼ਲਾਈਟ (ਕੋਈ ਵੀ ਚੀਜ਼ ਐਸੀ ਨਹੀਂ ਹੋਣੀ ਚਾਹੀਦੀ ਜਿਸਨੂੰ ਅੱਗ ਲੱਗ ਸਕਦੀ ਹੋਵੇ)
- ਇਨਸ਼ੋਰੈਂਸ ਦੇ ਮੰਤਵਾਂ ਲਈ ਨੁਕਸਾਨ ਨੂੰ ਰਿਕਾਰਡ ਕਰਨ ਲਈ ਕੈਮਰਾ ਜਾਂ ਵੀਡੀਓ ਕੈਮਰਾ ਅਤੇ ਨੋਟਬੁੱਕ
- ਮੁਢਲੀ ਸਹਾਇਤਾ ਲਈ ਕਿੱਟ (ਸੱਟ ਲੱਗਣ ਦੀ ਸੂਰਤ ਵਿਚ)
- ਸੰਦ: ਸੱਬਲ, ਹਥੌੜਾ, ਆਰੀ, ਆਦਿ
- ਪੀਣ ਵਾਲਾ ਪਾਣੀ
- ਗਾਰਬੇਜ ਬੈਗ
- ਹਾਰਡ ਹੈਟ ਅਤੇ ਦਸਤਾਨੇ (ਰਬੜ ਦੇ ਅਤੇ ਭਾਰੀ ਦਸਤਾਨੇ)
- ਸਖ਼ਤ ਤਲੇ ਵਾਲੇ ਬੂਟ ਜਾਂ ਸ਼ੂਅ
- ਜੇ ਤੁਹਾਡੇ ਘਰ ਵਿਚ ਹੜ੍ਹ ਆਇਆ ਹੈ ਤਾਂ ਬਿਸਤਰਿਆਂ ਅਤੇ ਕੱਪੜਿਆਂ ਨੂੰ ਭਿਉਣ ਲਈ ਵੱਡੇ ਭਾਂਡੇ ਲਿਆਉ ਅਤੇ ਉਨ੍ਹਾਂ ਨੂੰ ਸੁਕਾਉਣ ਲਈ ਡੋਰੀਆਂ
- ਜੇ ਤੁਹਾਡੇ ਘਰ ਵਿਚ ਹੜ੍ਹ ਆਇਆ ਹੈ ਤਾਂ ਬਾਲਟੀਆਂ, ਮੱਪ ਅਤੇ ਸਪੰਜ
- ਤਰਲ ਕਲੋਰੀਨ ਬਲੀਚ (ਘਰ ਦੀ ਲਾਉਂਡਰੀ ਵਿਚ ਵਰਤੀ ਜਾਣ ਵਾਲੀ ਬਲੀਚ ਜਿਸ ਵਿਚ 5-6% ਕਲੋਰੀਨ ਹੁੰਦੀ ਹੈ)

☐ **ਅੰਦਰ ਜਾਣ ਤੋਂ ਪਹਿਲਾਂ, ਘਰ ਦਾ ਬਾਹਰੋਂ ਧਿਆਨ ਨਾਲ ਚੱਕਰ ਕੱਟੋ।** ਨੁਕਸਾਨ ਜਾਂ ਖ਼ਤਰੇ ਦੀਆਂ ਨਿਸ਼ਾਨੀਆਂ ਨੂੰ ਧਿਆਨ ਨਾਲ ਚੈੱਕ ਕਰੋ।

- ਇਹ ਦੇਖੋ ਕਿ ਬਿਜਲੀ ਦੀਆਂ ਤਾਰਾਂ ਤਾਂ ਨਹੀਂ ਲਟਕੀਆਂ ਹੋਈਆਂ। ਡਿਗੀਆਂ ਜਾਂ ਖਰਾਬ ਹੋਈਆਂ ਬਿਜਲੀ ਦੀਆਂ ਤਾਰਾਂ ਤੋਂ ਪਰ੍ਹਾਂ ਰਹੋ।
- ਜੇ ਤੁਹਾਨੂੰ "ਖਰਾਬ ਆਂਡਿਆਂ" ਦਾ ਮੁਸ਼ਕ ਆਵੇ ਤਾਂ ਇਹ ਗੈਸ ਲੀਕ ਹੋਣ ਦੀ ਨਿਸ਼ਾਨੀ ਹੈ, ਫੌਰਨ ਗੈਸ ਕੰਪਨੀ ਨੂੰ ਫੋਨ ਕਰੋ। ਜੇ ਗੈਸ ਦਾ ਮੀਟਰ ਬਾਹਰ ਹੈ ਤਾਂ ਮੇਨ ਵਾਲਵ ਤੋਂ ਇਸ ਨੂੰ ਬੰਦ ਕਰ ਦਿਉ। ਅੰਦਰ ਨਾ ਜਾਉ।
- ਨੀਂਹ, ਛੱਤ, ਚਿਮਨੀ ਅਤੇ ਪੌੜੀਆਂ ਨੂੰ ਚੈੱਕ ਕਰੋ ਕਿ ਕੋਈ ਨੁਕਸਾਨ ਤਾਂ ਨਹੀਂ ਹੋਇਆ। ਇਹ ਦੇਖੋ ਕਿ ਬੇਸਮਿੰਟ ਦੀਆਂ ਕੰਧਾਂ ਟੁੱਟੀਆਂ ਤਾਂ ਨਹੀਂ ਜਾਂ ਇਨ੍ਹਾਂ ਵਿਚ ਤਰੇੜਾਂ ਤਾਂ ਨਹੀਂ ਆਈਆਂ। ਅਣਗੌਲਿਆ ਨੁਕਸਾਨ, ਅੱਗ ਜਾਂ ਡਿਗ ਰਹੇ ਮਲਬੇ ਨਾਲ ਸੱਟਾਂ ਲੱਗਣ ਦਾ ਕਾਰਨ ਬਣ ਸਕਦਾ ਹੈ।
- ਜੇ ਘਰ ਦੇ ਦੁਆਲੇ ਪਾਣੀ ਖੜ੍ਹਾ ਹੈ ਤਾਂ ਘਰ ਦੇ ਅੰਦਰ ਨਾ ਜਾਉ। ਪਾਣੀ ਵਿਚ ਬਿਜਲੀ ਦਾ ਕਰੰਟ ਹੋ ਸਕਦਾ ਹੈ।
- ਇਨਸ਼ੋਰੈਂਸ ਕਲੇਮ ਲਈ ਬਾਹਰਲੇ ਨੁਕਸਾਨ ਦੀਆਂ ਫੋਟੋਆਂ ਲਵੋ।

☐ **ਬਿਲਡਿੰਗ ਵਿਚ ਵੜਨ ਵੇਲੇ ਬਹੁਤ ਸਾਵਧਾਨੀ ਵਰਤੋ।** ਘਰ ਦੇ ਅੰਦਰ ਧਿਆਨ ਨਾਲ ਤੁਰੋ। ਬਿਲਡਿੰਗ ਨੂੰ ਉੱਥੇ ਨੁਕਸਾਨ ਹੋਇਆ ਹੋ ਸਕਦਾ ਹੈ, ਜਿੱਥੇ ਤੁਸੀਂ ਇਸ ਦੀ ਆਸ ਘੱਟ ਰੱਖਦੇ ਹੋ। ਹਰ ਕਦਮ ਬਹੁਤ ਹੀ ਧਿਆਨ ਨਾਲ ਪੁੱਟੋ।

☐ **ਇਹ ਚੈੱਕ ਕਰੋ ਕਿ ਕਿਤੇ ਗੈਸ ਲੀਕ ਤਾਂ ਨਹੀਂ ਹੋਈ।** ਜੇ ਤੁਹਾਨੂੰ ਗੈਸ ਦਾ ਮੁਸ਼ਕ ਆਵੇ ਜਾਂ ਸੀਟੀ ਵੱਜਦੀ ਜਾਂ ਸੀਂ ਸੀਂ ਦੀ ਆਵਾਜ਼ ਸੁਣਾਈ ਦੇਵੇ ਤਾਂ ਕੋਈ ਖਿੜਕੀ (ਵਿੰਡੋ) ਖੋਲ੍ਹੋ ਅਤੇ ਫੌਰਨ ਬਿਲਡਿੰਗ ਤੋਂ ਬਾਹਰ ਹੋ ਜਾਉ। ਜੇ ਤੁਸੀਂ ਕਰ ਸਕਦੇ ਹੋਵੋ ਤਾਂ ਬਾਹਰਲੇ ਮੇਨ ਵਾਲਵ ਤੋਂ ਗੈਸ ਨੂੰ ਬੰਦ ਕਰ ਦਿਉ, ਅਤੇ ਗੈਸ ਕੰਪਨੀ ਨੂੰ ਫੋਨ ਕਰੋ। **ਨੋਟ:** ਜੇ ਤੁਸੀਂ ਕਿਸੇ ਵੀ ਕਾਰਨ ਕਰਕੇ ਗੈਸ ਬੰਦ ਕਰਦੇ ਹੋ ਤਾਂ ਇਹ ਮੁੜ ਕੇ ਕਿਸੇ ਪ੍ਰੋਫੈਸ਼ਨਲ (ਮਾਹਰ) ਵਲੋਂ ਹੀ ਚਾਲੂ ਕੀਤੀ ਜਾਣੀ ਜ਼ਰੂਰੀ ਹੈ।

☐ **ਕੰਧਾਂ, ਫਰਸ਼ਾਂ, ਦਰਵਾਜ਼ਿਆਂ, ਪੌੜੀਆਂ ਅਤੇ ਖਿੜਕੀਆਂ ਨੂੰ ਇਹ ਪੱਕਾ ਕਰਨ ਲਈ ਚੈੱਕ ਕਰੋ ਕਿ ਬਿਲਡਿੰਗ ਦੇ ਡਿਗਣ ਦਾ ਖਤਰਾ ਤਾਂ ਨਹੀਂ ਹੈ।**

☐ **ਚੈੱਕ ਕਰੋ ਕਿ ਬਿਜਲੀ ਦੇ ਸਿਸਟਮ ਨੂੰ ਨੁਕਸਾਨ ਤਾਂ ਨਹੀਂ ਹੋਇਆ।** ਜੇ ਤੁਹਾਨੂੰ ਤਾਰਾਂ ਵਿੱਚੋਂ ਚੰਗਿਆੜੇ ਨਿਕਲਦੇ ਦਿਖਾਈ ਦੇਣ ਜਾਂ ਤਾਰਾਂ ਟੁੱਟੀਆਂ ਜਾਂ ਛਿੱਜੀਆਂ ਦਿਖਾਈ ਦੇਣ, ਜਾਂ ਤੁਹਾਨੂੰ ਇਨਸੂਲੇਸ਼ਨ ਦੇ ਸੜਨ ਦਾ ਮੁਸ਼ਕ ਆਵੇ ਤਾਂ ਮੇਨ ਫਿਊਜ਼ ਬੌਕਸ ਜਾਂ ਸਰਕਟ ਬਰੇਕਰ ਤੋਂ ਬਿਜਲੀ ਬੰਦ ਕਰ ਦਿਉ - ਜੇ ਤੁਹਾਨੂੰ ਅਜਿਹਾ ਕਰਨਾ ਸੁਰੱਖਿਅਤ ਲੱਗੇ। ਜੇ ਫਿਊਜ਼ ਬੌਕਸ ਜਾਂ ਸਰਕਟ ਬਰੇਕਰ ਤੱਕ ਪਹੁੰਚਣ ਲਈ ਤੁਹਾਨੂੰ ਪਾਣੀ ਵਿਚ ਪੈਰ ਪਾਉਣਾ ਪੈਣਾ ਹੈ ਤਾਂ ਅਜਿਹਾ ਨਾ ਕਰੋ - ਸਲਾਹ ਲਈ ਕਿਸੇ ਇਲੈਕਟਰੀਸ਼ਨ ਜਾਂ ਆਪਣੀ ਸਥਾਨਕ ਇਲੈਕਟਰਿਕ ਕੰਪਨੀ ਨੂੰ ਫੋਨ ਕਰੋ।

☐ **ਚੈੱਕ ਕਰੋ ਕਿ ਸੂਅਜ਼ (sewage) ਅਤੇ ਪਾਣੀ ਦੀ ਲਾਈਨ ਨੂੰ ਨੁਕਸਾਨ ਤਾਂ ਨਹੀਂ ਹੋਇਆ।** ਜੇ ਤੁਹਾਨੂੰ ਸ਼ੱਕ ਪੈਂਦੀ ਹੈ ਕਿ ਤੁਹਾਡੀ ਪ੍ਰਾਪਰਟੀ ਦੇ ਅੰਦਰ ਸੂਅਜ਼ ਲਾਈਨਾਂ (ਗੰਦਾ ਪਾਣੀ ਲਿਜਾਣ ਵਾਲੇ ਸਿਸਟਮ) ਨੂੰ ਨੁਕਸਾਨ ਹੋਇਆ ਹੈ ਤਾਂ ਟੋਆਇਲਟਾਂ ਵਰਤਣ ਤੋਂ ਪਰਹੇਜ਼ ਕਰੋ ਅਤੇ ਕਿਸੇ ਪਲੰਬਰ ਨੂੰ ਫੋਨ ਕਰੋ (ਤੁਹਾਡੀ ਪ੍ਰਾਪਰਟੀ ਤੋਂ ਬਾਹਰਲੇ ਨੁਕਸਾਨ ਲਈ ਤੁਹਾਨੂੰ ਸਥਾਨਕ ਅਥਾਰਟੀ ਨੂੰ ਫੋਨ ਕਰਨ ਦੀ ਲੋੜ ਹੋ ਸਕਦੀ ਹੈ)। ਜੇ ਪਾਣੀ ਵਾਲੇ ਪਾਈਪਾਂ ਨੂੰ ਨੁਕਸਾਨ ਹੋਇਆ ਹੈ ਤਾਂ ਸਥਾਨਕ ਅਥਾਰਟੀ ਨਾਲ ਸੰਪਰਕ ਕਰੋ ਅਤੇ ਟੂਟੀ ਵਿੱਚੋਂ ਪਾਣੀ ਵਰਤਣ ਤੋਂ ਪਰਹੇਜ਼ ਕਰੋ। *(ਇਸ ਕਿਤਾਬ ਦੇ **ਕਦਮ ਚਾਰ** ਵਿਚ ਇਸ ਵਿਸ਼ੇ ਬਾਰੇ ਹੋਰ ਦੇਖੋ ਜਿਸ ਵਿਚ ਖੂਹ ਦਾ ਪਾਣੀ ਅਤੇ ਗੰਦਮੰਦ ਦੇ ਨਿਕਾਸ ਬਾਰੇ ਜਾਣਕਾਰੀ ਵੀ ਸ਼ਾਮਲ ਹੈ)*

☐ **ਅੰਦਰਲੇ ਨੁਕਸਾਨ ਦੀਆਂ ਤਸਵੀਰਾਂ ਲਵੋ,** ਘਰ ਦੇ ਅਤੇ ਇਸ ਦੇ ਸਮਾਨ ਦੇ ਨੁਕਸਾਨ ਦੀਆਂ ਤਾਂ ਜੋ ਇਹ ਇਨਸ਼ੋਰੈਂਸ ਕਲੇਮਾਂ ਲਈ ਵਰਤੀਆਂ ਜਾ ਸਕਣ।

☐ **ਜਾਨਵਰਾਂ 'ਤੇ ਨਿਗ੍ਹਾ ਰੱਖੋ।** ਹੜ੍ਹ ਨਾਲ ਰੁੜ੍ਹ ਗਏ ਛੋਟੇ ਜਾਨਵਰ ਜਾਂ ਅੱਗ ਕਾਰਨ ਆਪਣੇ ਘਰੋਂ ਨੱਠੇ ਜਾਨਵਰ ਤੁਹਾਡੇ ਘਰ ਵਿਚ ਸ਼ਰਨ ਲੈ ਸਕਦੇ ਹਨ। ਚੀਜ਼ਾਂ ਉਲਟਾਉਣ ਲਈ ਕੋਈ ਬੱਲੀ ਜਾਂ ਸੋਟੀ ਵਰਤੋ ਅਤੇ ਜਾਨਵਰਾਂ ਲਈ ਨਿਗ੍ਹਾ ਰੱਖੋ। ਦਰਾਜ ਅਤੇ ਅਲਮਾਰੀਆਂ ਖੋਲ੍ਹਣ ਵੇਲੇ ਸਾਵਧਾਨੀ ਵਰਤੋ।

☐ **ਖੜ੍ਹੇ ਪਾਣੀ ਨੂੰ ਸਾਫ਼ ਕਰੋ।** ਜੇ ਤੁਹਾਡੇ ਘਰ ਵਿਚ ਹੜ੍ਹ ਆਇਆ ਸੀ ਤਾਂ ਘਰ ਵਿਚ ਖੜ੍ਹੇ ਸਾਰੇ ਪਾਣੀ ਨੂੰ ਸਾਫ਼ ਕਰਨਾ ਜ਼ਰੂਰੀ ਹੈ, ਜਿਸ ਵਿਚ ਬੇਸਮਿੰਟ ਦਾ ਪਾਣੀ ਵੀ ਸ਼ਾਮਲ ਹੈ। 2 ਲੀਟਰ (2 ਕੁਆਰਟਸ) ਤਰਲ ਕਲੋਰੀਨ ਬਲੀਚ ਲਵੋ ਅਤੇ ਖੜ੍ਹੇ ਪਾਣੀ 'ਤੇ ਇਕੋ ਜਿੰਨੀ ਮਾਤਰਾ ਵਿਚ ਪਾ ਦਿਉ। ਜਿੰਨਾ ਵੀ ਸੰਭਵ ਹੋ ਸਕੇ, ਬਲੀਚ ਅਤੇ ਪਾਣੀ ਨੂੰ ਰਲਾਉ। ਜੇ ਪਾਣੀ ਖੜ੍ਹਾ ਰਹਿੰਦਾ ਹੈ ਤਾਂ ਹਰ ਚਾਰ ਤੋਂ ਪੰਜ ਦਿਨ ਬਾਅਦ ਅਜਿਹਾ ਫਿਰ ਕਰੋ।

☐ **ਸਫ਼ਾਈ ਕਰਨ ਲਈ ਆਪਣੇ ਆਏ ਖਰਚੇ ਅਤੇ ਲੱਗੇ ਟਾਈਮ ਦਾ ਹਿਸਾਬ ਰੱਖੋ।** ਸਫ਼ਾਈ ਲਈ ਖਰੀਦੀਆਂ ਸਾਰੀਆਂ ਚੀਜ਼ਾਂ, ਕਿਰਾਏ 'ਤੇ ਲਏ ਸਾਜ਼-ਸਮਾਨ ਅਤੇ ਸਫ਼ਾਈ ਲਈ ਕਿਸੇ ਫਰਮ ਤੋਂ ਕਰਵਾਏ ਕੰਮ ਦੀਆਂ ਸਾਰੀਆਂ ਰਸੀਦਾਂ ਸਾਂਭ ਲਵੋ। ਤੁਸੀਂ ਅਤੇ ਤੁਹਾਡੇ ਪਰਿਵਾਰ ਜਾਂ ਦੋਸਤਾਂ ਨੇ ਜਿੰਨੇ ਘੰਟੇ ਪ੍ਰਾਪਰਟੀ ਦੀ ਸਫ਼ਾਈ ਕਰਨ ਲਈ ਹਰ ਰੋਜ਼ ਲਾਏ ਹਨ, ਉਹ ਲਿਖ ਲਵੋ। ਜੇ ਤੁਸੀਂ ਇਨਸ਼ੋਰੈਂਸ ਕਲੇਮ ਕਰ ਰਹੇ ਹੋ ਜਾਂ ਆਫ਼ਤ ਵਿਚ ਮਾਇਕ ਸਹਾਇਤਾ ਲਈ ਅਪਲਾਈ ਕਰ ਰਹੇ ਹੋ ਤਾਂ ਇਹ ਰਿਕਾਰਡ ਮਦਦ ਕਰਨਗੇ।

# ਕਦਮ ਚਾਰ: ਖਾਣੇ, ਦਵਾਈਆਂ, ਪਾਣੀ ਅਤੇ ਸੀਵਰੇਜ

## ਖਾਣੇ ਅਤੇ ਦਵਾਈਆਂ

ਯਾਦ ਰੱਖਣ ਲਈ ਮੰਤਰ ਇਹ ਹੈ: **ਜੇ ਸ਼ੱਕ ਹੈ ਤਾਂ ਇਸ ਨੂੰ ਸੁੱਟ ਦਿਉ।** ਪਾਣੀ, ਗਰਮੀ, ਧੂੰਏਂ ਅਤੇ ਹਵਾੜ੍ਹ ਦੀ ਗੰਦਗੀ ਖਾਣਿਆਂ ਅਤੇ ਦਵਾਈਆਂ ਨੂੰ ਖਰਾਬ ਕਰ ਸਕਦੀ ਹੈ, ਅਤੇ ਇਨ੍ਹਾਂ ਨੂੰ ਖਾਣਾ ਖਤਰਨਾਕ ਬਣਾ ਸਕਦੀ ਹੈ। ਜੋਖ਼ਮ ਉਠਾ ਕੇ ਆਪਣੀ ਸਿਹਤ ਨੂੰ ਖ਼ਤਰੇ ਵਿਚ ਪਾਉਣ ਨਾਲੋਂ ਚੀਜ਼ ਨੂੰ ਬਦਲਣਾ ਸਸਤਾ ਹੈ।

- **ਫਰਿਜ ਵਿਚਲੇ ਖਾਣੇ:** ਫਰਿੱਜਾਂ ਖਾਣਿਆਂ ਨੂੰ 4 ਡਿਗਰੀ ਸੀ (40 ਡਿਗਰੀ ਐੱਫ) 'ਤੇ ਰੱਖਦੀਆਂ ਹਨ। ਜੇ ਫਰਿਜ ਵਿਚਲਾ ਤਾਪਮਾਨ (ਟੈਂਪਰੇਚਰ) ਇਸ ਪੱਧਰ ਤੋਂ ਉਪਰ ਚਲਾ ਗਿਆ ਹੈ ਤਾਂ ਸਾਰਾ ਖਾਣਾ ਸੁੱਟ ਦਿਉ। ਜੇ ਤੁਹਾਨੂੰ ਤਾਪਮਾਨ ਬਾਰੇ ਪੱਕਾ ਪਤਾ ਨਹੀਂ ਹੈ ਤਾਂ ਵੀ ਖਾਣਾ ਸੁੱਟ ਦਿਉ। ਜੇ ਤੁਹਾਡੀ ਫਰਿਜ ਵਿਚ ਹੜ੍ਹ ਦਾ ਪਾਣੀ ਚਲਿਆ ਗਿਆ ਹੈ ਤਾਂ ਸਾਰੀਆਂ ਚੀਜ਼ਾਂ ਸੁੱਟ ਦਿਉ, ਜਿਸ ਵਿਚ ਸਾਰੇ ਮੀਟ, ਤਾਜ਼ੇ ਫਲ ਅਤੇ ਸਬਜ਼ੀਆਂ ਵੀ ਸ਼ਾਮਲ ਹਨ।

- **ਫਰੀਜ਼ ਕੀਤੇ ਹੋਏ ਖਾਣੇ:** ਜੇ ਫਰੀਜ਼ਰ ਨੂੰ ਅੱਗ ਦਾ ਸੇਕ ਨਹੀਂ ਲੱਗਾ, ਇਸ ਵਿਚ ਹੜ੍ਹ ਦਾ ਪਾਣੀ ਨਹੀਂ ਗਿਆ ਜਾਂ ਇਹ ਲੰਮਾ ਸਮਾਂ ਬਿਜਲੀ ਤੋਂ ਬਿਨਾਂ ਨਹੀਂ ਰਿਹਾ ਤਾਂ ਫਰੀਜ਼ ਕੀਤੇ ਹੋਏ ਖਾਣੇ ਸ਼ਾਇਦ ਸੁਰੱਖਿਅਤ ਹੋਣ। ਜੇ ਤੁਹਾਨੂੰ ਇਸ ਦਾ ਪੱਕਾ ਯਕੀਨ ਨਹੀਂ ਹੈ ਤਾਂ ਖਾਣਾ ਸੁੱਟ ਦਿਉ।

ਜੇ ਬਿਜਲੀ ਨਹੀਂ ਹੈ ਤਾਂ ਫਰੀਜ਼ਰ ਨੂੰ ਬੰਦ ਰੱਖੋ। ਫਰੀਜ਼ਰ ਵਿਚ ਇੰਨੀ ਕੁ ਇਨਸੂਲੇਸ਼ਨ ਹੁੰਦੀ ਹੈ ਕਿ ਇਹ ਬਿਜਲੀ ਤੋਂ ਬਿਨਾਂ ਤਿੰਨ ਦਿਨਾਂ ਤੱਕ ਖਾਣਿਆਂ ਨੂੰ ਫਰੀਜ਼ ਰੱਖ ਸਕਦਾ ਹੈ।

ਥੋੜ੍ਹਾ ਜਿਹਾ ਪਿਘਲੇ ਖਾਣੇ ਨੂੰ ਮੁੜ ਕੇ ਫਰੀਜ਼ਰ ਵਿਚ ਰੱਖਣਾ ਸੁਰੱਖਿਅਤ ਹੁੰਦਾ ਹੈ, ਜੇ ਇਸ 'ਤੇ ਅਜੇ ਵੀ ਬਰਫ਼ ਦੇ ਟੁਕੜੇ ਦਿਖਾਈ ਦਿੰਦੇ ਹੋਣ। ਪਰ, ਖਾਣੇ ਦਾ ਥੋੜ੍ਹਾ ਜਿਹਾ ਪਿਘਲਣਾ ਅਤੇ ਮੁੜ ਕੇ ਫਰੀਜ਼ ਕਰਨਾ ਖਾਣੇ ਦੀ ਕੁਆਲਟੀ ਘਟਾ ਦੇਵੇਗਾ। ਜੇ ਕੋਈ ਖਾਣਾ ਪੂਰੀ ਤਰ੍ਹਾਂ ਪਿਘਲ ਗਿਆ ਹੈ, ਅਤੇ ਉਸ ਦਾ ਤਾਪਮਾਨ 4 ਡਿਗਰੀ ਸੀ (40 ਡਿਗਰੀ ਐੱਫ) 'ਤੇ ਚਲਾ ਗਿਆ ਹੈ, ਜਾਂ ਉਸ ਦਾ ਰੰਗ ਬਦਲ ਗਿਆ ਹੈ ਜਾਂ ਮੁਸ਼ਕ ਮਾਰਦਾ ਹੈ ਤਾਂ ਉਸ ਨੂੰ ਸੁੱਟ ਦਿਉ।

- **ਡੱਬੇਬੰਦ ਖਾਣੇ:** ਡੱਬੇਬੰਦ ਖਾਣੇ ਆਮ ਤੌਰ 'ਤੇ ਖਾਣ ਲਈ ਠੀਕ ਹੋਣੇ ਚਾਹੀਦੇ ਹਨ ਪਰ ਜੇ ਕਿਸੇ ਡੱਬੇਬੰਦ ਖਾਣੇ ਨੂੰ ਕੁੱਬ ਪੈ ਗਿਆ ਹੈ, ਬਹੁਤ ਜ਼ਿਆਦਾ ਚਿੱਬ ਪੈ ਗਏ ਹਨ ਜਾਂ ਜੰਗਾਲ ਲੱਗ ਗਿਆ ਹੈ ਤਾਂ ਇਨ੍ਹਾਂ ਨੂੰ ਸੁੱਟ ਦਿਉ। ਸਾਰੀਆਂ ਡੱਬੇਬੰਦ ਚੀਜ਼ਾਂ ਜਿਨ੍ਹਾਂ ਦਾ ਨੁਕਸਾਨ ਨਹੀਂ ਹੋਇਆ, ਧੋਤੀਆਂ ਅਤੇ ਰੋਗਾਣੂ-ਰਹਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜੇ ਇਹ ਹੜ੍ਹ ਦੇ ਪਾਣੀ ਜਾਂ ਧੂੰਏਂ ਦੇ ਸੰਪਰਕ ਵਿਚ ਆਈਆਂ ਹਨ। ਕੱਚ ਦੇ ਜਾਰਾਂ ਵਿਚ ਰੱਖਿਆ ਗਿਆ ਉਹ ਖਾਣਾ ਜਿਹੜਾ ਗਰਮੀ ਦੇ ਸੰਪਰਕ ਵਿਚ ਆਇਆ ਹੋਵੇ, ਸੁੱਟ ਦੇਣਾ ਚਾਹੀਦਾ ਹੈ ਕਿਉਂਕਿ ਹੋ ਸਕਦਾ ਸੀਲਾਂ ਟੁੱਟ ਗਈਆਂ ਹੋਣ।

- **ਦਵਾਈ:** ਜੇ ਕੋਈ ਦਵਾਈ ਖਰਾਬ ਹੋ ਗਈ ਹੈ ਜਾਂ ਹੜ੍ਹ ਦੇ ਪਾਣੀ ਦੇ ਸੰਪਰਕ ਵਿਚ ਆਈ ਹੈ ਤਾਂ ਅਜਿਹੀ ਕੋਈ ਵੀ ਦਵਾਈ ਲੈਣ ਤੋਂ ਪਹਿਲਾਂ ਇਹ ਡਾਕਟਰ ਜਾਂ ਫਾਰਮਾਸਿਸਟ ਨੂੰ ਦਿਖਾਉ।

## ਪਾਣੀ ਦੀ ਸੁਰੱਖਿਆ

ਵੱਡੀਆਂ ਆਫ਼ਤਾਂ ਤੋਂ ਬਾਅਦ ਪਾਣੀ ਇਕ ਦਮ ਬਹੁਤ ਕੀਮਤੀ ਅਤੇ ਦੁਰਲੱਭ ਚੀਜ਼ ਬਣ ਜਾਂਦਾ ਹੈ। ਉਦੋਂ ਤੱਕ ਆਪਣੀ ਪਾਣੀ ਦੀ ਸਪਲਾਈ ਨੂੰ ਬੰਦ ਕਰ ਦੇਣਾ ਚੰਗਾ ਹੈ ਜਦ ਤੱਕ ਤੁਸੀਂ ਸਹੀ ਅਧਿਕਾਰੀਆਂ ਤੋਂ ਇਹ ਨਹੀਂ ਸੁਣ ਲੈਂਦੇ ਕਿ ਇਹ ਪੀਣ ਲਈ ਠੀਕ ਹੈ। ਪਾਣੀ ਦੇ ਮੇਨ ਵਾਲਵ ਨੂੰ ਬੰਦ ਕਰਨ ਨਾਲ ਤੁਹਾਡਾ ਪਾਣੀ ਦਾ ਸਿਸਟਮ ਅਲਹਿਦਾ ਹੋ ਜਾਵੇਗਾ, ਇਸ ਨਾਲ ਕੀਮਤੀ ਪਾਣੀ ਦੇ ਅਜਾਈਂ ਜਾਣ ਅਤੇ ਪਬਲਿਕ ਸਿਸਟਮ ਵਿੱਚੋਂ ਸੰਭਵ ਤੌਰ 'ਤੇ ਗੰਦੇ ਪਾਣੀ ਦੇ ਆਉਣ ਦੀ ਸੰਭਾਵਨਾ ਨਹੀਂ ਰਹੇਗੀ। ਤੁਸੀਂ ਸੁਰੱਖਿਅਤ ਪਾਣੀ ਸਹੀ-ਸਲਾਮਤ ਵਾਟਰ ਹੀਟਰਾਂ ਵਿੱਚੋਂ ਜਾਂ ਬਰਫ਼ ਦੀਆਂ ਡਲੀਆਂ ਨੂੰ ਖੋਰ ਕੇ ਲੈ ਸਕਦੇ ਹੋ।

ਜੇ ਤੁਹਾਨੂੰ ਪਾਣੀ ਖੂਹ ਤੋਂ ਜਾਂ ਟੈਂਕੀ ਤੋਂ ਮਿਲਦਾ ਹੈ, ਅਤੇ ਇਸ ਵਿਚ ਵੀ ਹੜ੍ਹ ਦਾ ਪਾਣੀ ਆਇਆ ਹੈ ਜਾਂ ਇਸ ਦਾ ਨੁਕਸਾਨ ਹੋਇਆ ਹੈ ਤਾਂ ਇਹ ਮੰਨ ਲਉ ਕਿ ਤੁਹਾਡੇ ਘਰ ਦਾ ਪਾਣੀ ਪੀਣ ਲਈ ਸੁਰੱਖਿਅਤ ਨਹੀਂ ਹੈ। ਤੁਹਾਨੂੰ ਸ਼ਾਇਦ ਖੂਹ ਜਾਂ ਟੈਂਕੀ ਨੂੰ ਰੋਗਾਣੂ-ਰਹਿਤ ਕਰਨ ਦੀ ਲੋੜ ਹੋਵੇ ਜਾਂ ਇਸ ਦੀ ਮੁਰੰਮਤ ਕਰਵਾਉਣ ਦੀ ਲੋੜ ਹੋਵੇ। ਹਿਦਾਇਤਾਂ ਲਈ ਆਪਣੇ ਪਬਲਿਕ ਹੈਲਥ ਇੰਸਪੈਕਟਰ ਜਾਂ ਸਥਾਨਕ ਅਥਾਰਟੀ ਨਾਲ ਸੰਪਰਕ ਕਰੋ।

- **ਪਾਣੀ ਨੂੰ ਸ਼ੁੱਧ ਕਰਨਾ:** ਜਿੰਨਾ ਚਿਰ ਤੁਹਾਡੇ ਪਾਣੀ ਦੇ ਪੀਣ ਲਈ ਸੁਰੱਖਿਅਤ ਹੋਣ ਦੀ ਤਸਦੀਕ ਨਹੀਂ ਹੋ ਜਾਂਦੀ, ਉਦੋਂ ਤੱਕ ਤੁਹਾਡੇ ਕੋਲ ਤਿੰਨ ਚੋਣਾਂ ਹਨ:
  - **ਪਾਣੀ ਦੀ ਬਦਲਵੀਂ ਸਪਲਾਈ** – ਬੋਤਲਾਂ ਵਾਲਾ ਪਾਣੀ ਲਉ ਜਾਂ ਕਿਸੇ ਹੋਰ ਵਸੀਲੇ ਤੋਂ ਪਾਣੀ ਲਉ ਜਿਸ ਦੇ ਸੁਰੱਖਿਅਤ ਹੋਣ ਬਾਰੇ ਪਤਾ ਹੈ। ਇਹ ਸਭ ਤੋਂ ਵਧੀਆ ਚੋਣ ਹੈ।
  - **ਪਾਣੀ ਨੂੰ ਉਬਾਲਣਾ** – ਪਾਣੀ ਨੂੰ ਘੱਟੋ ਘੱਟ ਛੇ ਮਿੰਟਾਂ ਲਈ ਚੰਗੀ ਤਰ੍ਹਾਂ ਉਬਾਲੋ।
  - **ਕਲੋਰੀਨੇਸ਼ਨ** – ਪਾਣੀ ਨੂੰ **ਬਿਨਾਂ ਮਹਿਕ** ਵਾਲੀ ਤਰਲ ਕਲੋਰੀਨ ਬਲੀਚ ਨਾਲ ਰੋਗਾਣੂ-ਰਹਿਤ ਕਰੋ। ਅੱਖਾਂ ਵਿਚ ਦਵਾਈ ਪਾਉਣ ਵਾਲੇ ਡਰਾਪਰ ਨਾਲ ਪਾਣੀ ਵਿਚ ਬਲੀਚ ਪਾਉ, ਅਤੇ ਇਸ ਦੀ ਵਰਤੋਂ ਸਿਰਫ ਪਾਣੀ ਨੂੰ ਰੋਗਾਣੂ-ਰਹਿਤ ਕਰਨ ਲਈ ਕਰੋ। ਬਲੀਚ ਨੂੰ ਪਾਣੀ ਵਿਚ ਚੰਗੀ ਤਰ੍ਹਾਂ ਰਲਾਉ ਅਤੇ ਇਸ ਨੂੰ 30 ਮਿੰਟ ਲਈ ਇਸੇ ਤਰ੍ਹਾਂ ਹੀ ਪਿਆ ਰਹਿਣ ਦਿਉ। ਪਾਣੀ ਵਿੱਚੋਂ ਫਿਰ ਕਲੋਰੀਨ ਦੀ ਥੋੜ੍ਹੀ ਜਿਹੀ ਗੰਧ ਆਵੇਗੀ। ਜੇ ਗੰਧ ਨਹੀਂ ਆਉਂਦੀ ਤਾਂ ਇਹ ਕਾਰਜ ਫਿਰ ਕਰੋ ਅਤੇ ਹੋਰ 30 ਮਿੰਟਾਂ ਲਈ ਰਲਿਆ ਰਹਿਣ ਦਿਉ।

| **4.5 ਲੀਟਰ (1 ਗੈਲਨ) ਪਾਣੀ ਦੀ ਸਫ਼ਾਈ** | **ਸੁਗੰਧ ਰਹਿਤ ਤਰਲ ਕਲੋਰੀਨ ਬਲੀਚ ਦੇ ਤੁਪਕੇ** |
|---|---|
| ਸਾਫ਼ ਪਾਣੀ | 8 ਤੁਪਕੇ |
| ਗੰਧਲਾ ਪਾਣੀ | 16 ਤੁਪਕੇ |

ਤੁਸੀਂ ਕਲੋਰੀਨ ਦੀਆਂ ਗੋਲੀਆਂ ਨਾਲ ਵੀ ਪਾਣੀ ਨੂੰ ਸੁਧ ਕਰ ਸਕਦੇ ਹੋ, ਜੋ ਕਿ ਕੈਂਪਿੰਗ ਦਾ ਸਮਾਨ ਵੇਚਣ ਵਾਲਿਆਂ ਤੋਂ ਮਿਲਦੀਆਂ ਹਨ। ਡੱਬੇ 'ਤੇ ਲਿਖੀਆਂ ਹਿਦਾਇਤਾਂ ਦੀ ਪਾਲਣਾ ਕਰੋ।

## ਗੰਦਮੰਦ ਦਾ ਨਿਕਾਸ

ਉਦੋਂ ਤੱਕ ਆਪਣੇ ਸੀਵਰੇਜ ਸਿਸਟਮ ਦੀ ਵਰਤੋਂ ਨਾ ਕਰੋ ਜਦ ਤੱਕ ਤੁਹਾਨੂੰ ਇਹ ਪਤਾ ਨਹੀਂ ਲੱਗ ਜਾਂਦਾ ਕਿ ਇਹ ਗੰਦਮੰਦ ਦੇ ਨਿਕਾਸ ਦੇ ਸਮਰੱਥ ਹੋ ਗਿਆ ਹੈ।

- **ਸੀਵਰ ਸਿਸਟਮ** – ਜੇ ਤੁਹਾਡਾ ਘਰ ਮਿਊਂਸਪਲ ਸੀਵਰ ਸਿਸਟਮ ਨਾਲ ਜੁੜਿਆ ਹੋਇਆ ਹੈ ਤਾਂ ਤੁਹਾਨੂੰ ਸਿਸਟਮ ਦੇ ਦੁਬਾਰਾ ਸ਼ੁਰੂ ਹੋਣ 'ਤੇ ਦੱਸਿਆ ਜਾਵੇਗਾ। ਆਰਜ਼ੀ ਪ੍ਰਬੰਧ ਵਜੋਂ ਤੁਸੀਂ ਟੋਆਇਲਟ ਵਿਚ ਪਲਾਸਟਿਕ ਦੀ ਟਰੈਸ਼ ਕੈਨ ਲਾਈਨਰ ਲਾ ਸਕਦੇ ਹੋ ਅਤੇ ਲੋੜ ਮੁਤਾਬਕ ਬੈਗ ਲਾਹ ਕੇ ਸੁੱਟ ਸਕਦੇ ਹੋ।

- **ਸੈਪਟਿਕ ਸਿਸਟਮ** – ਸੈਪਟਿਕ ਟੈਂਕ ਵੱਡੀਆਂ ਆਫ਼ਤਾਂ ਨਾਲ ਤਬਾਹ ਹੋ ਸਕਦੇ ਹਨ ਭਾਵੇਂ ਕਿ ਹੜ੍ਹ ਸੈਪਟਿਕ ਟੈਂਕਾਂ 'ਤੇ ਗੰਭੀਰ ਅਸਰ ਨਹੀਂ ਕਰਦੇ। ਜੇ ਧਰਤੀ ਗਿੱਲੀ ਹੈ ਤਾਂ ਸੈਪਟਿਕ ਟੈਂਕ ਨੂੰ ਖਾਲੀ ਕਰਨ ਤੋਂ ਪਰਹੇਜ਼ ਕਰੋ। ਆਲੇ ਦੁਆਲੇ ਦੇ ਪਾਣੀ ਦਾ ਪਰੈਸ਼ਰ, ਖਾਲੀ ਟੈਂਕ ਨੂੰ ਧਰਤੀ ਵਿੱਚੋਂ ਬਾਹਰ ਧੱਕ ਸਕਦਾ ਹੈ।

- **ਆਊਟਹਾਊਸ** – ਇਹ ਪੱਕਾ ਕਰੋ ਕਿ ਆਊਟਹਾਊਸ ਅਜੇ ਵੀ ਟੋਏ ਉੱਤੇ ਹੈ। ਜੇ ਆਊਟਹਾਊਸ ਰੁੜ੍ਹ ਗਿਆ ਹੈ, ਜਾਂ ਡਿਗ ਪਿਆ ਹੈ ਤਾਂ ਐਕਸੀਡੈਂਟਾਂ ਅਤੇ ਬੀਮਾਰੀ ਫੈਲਣ ਤੋਂ ਰੋਕਥਾਮ ਕਰਨ ਲਈ ਟੋਏ ਨੂੰ ਮਜ਼ਬੂਤ ਫੱਟਿਆਂ ਨਾਲ ਢਕ ਦਿਉ। ਜੇ ਟੋਏ ਵਿਚ ਪਾਣੀ ਹੈ ਤਾਂ ਉਦੋਂ ਤੱਕ, ਹਰ ਤਿੰਨ ਤੋਂ ਚਾਰ ਦਿਨਾਂ ਬਾਅਦ ਇਸ ਵਿਚ 2 ਲੀਟਰ (2 ਕੁਆਰਟ) ਸੁਗੰਧ-ਰਹਿਤ ਤਰਲ ਕਲੋਰੀਨ ਬਲੀਚ ਦੇ ਪਾਉ, ਜਦ ਤੱਕ ਪਾਣੀ ਅਲੋਪ ਨਹੀਂ ਹੋ ਜਾਂਦਾ।

# ਕਦਮ ਪੰਜ: ਸਫ਼ਾਈ ਕਰਨਾ – ਆਮ

ਤੁਹਾਨੂੰ ਕਿਸ ਤਰ੍ਹਾਂ ਦੀ ਸਫ਼ਾਈ ਕਰਨੀ ਪਵੇਗੀ, ਇਹ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਕੁਦਰਤੀ ਆਫ਼ਤ ਕਿਸ ਤਰ੍ਹਾਂ ਦੀ ਸੀ। ਇਸ ਤਰ੍ਹਾਂ ਲੱਗ ਸਕਦਾ ਹੈ ਕਿ ਤੁਹਾਡਾ ਘਰ ਅਤੇ ਇਸ ਵਿਚਲਾ ਸਮਾਨ ਠੀਕ ਹੋਣ ਦੀ ਹੱਦ ਨਾਲੋਂ ਜ਼ਿਆਦਾ ਖਰਾਬ ਹੋ ਗਏ ਹਨ, ਪਰ ਤੁਹਾਡੀਆਂ ਬਹੁਤ ਸਾਰੀਆਂ ਚੀਜ਼ਾਂ ਨੂੰ ਮੁੜ ਕੇ ਅਸਲੀ ਰੂਪ ਵਿਚ ਲਿਆਇਆ ਜਾ ਸਕਦਾ ਹੈ, ਭਾਵੇਂ ਉਹ ਹੜ੍ਹ ਦੇ ਪਾਣੀ ਨਾਲ ਖਰਾਬ ਹੋਈਆਂ ਸਨ ਜਾਂ ਧੂੰਏਂ ਅਤੇ ਕਾਲਖ ਨਾਲ। ਆਫ਼ਤ ਕੋਈ ਵੀ ਆਈ ਹੋਵੇ, ਜੇ ਤੁਹਾਡਾ ਘਰ ਰਹਿਣਯੋਗ ਹੈ ਤਾਂ ਪਹਿਲਾ ਕੰਮ ਘਰ ਦੀ ਚੰਗੀ ਤਰ੍ਹਾਂ ਸਫ਼ਾਈ ਕਰਨਾ ਅਤੇ ਇਸਨੂੰ ਸੁਕਾਉਣਾ ਹੈ। ਜੇ ਤੁਹਾਨੂੰ ਸਫ਼ਾਈ ਕਰਨ ਲਈ ਮਦਦ ਦੀ ਲੋੜ ਹੈ ਤਾਂ ਕਿਸੇ ਮਾਹਰ ਨਾਲ ਸੰਪਰਕ ਕਰੋ ਜਿਨ੍ਹਾਂ ਦੇ ਫੋਨ ਨੰਬਰ ਯੈਲੋ ਪੇਜਿਜ਼ ਵਿਚ "ਫਾਇਰ ਐਂਡ ਵਾਟਰ ਡੈਮੇਜ ਰੈੱਸਟੋਰੇਸ਼ਨ" ਹੇਠ ਦੇਖੇ ਜਾ ਸਕਦੇ ਹਨ।

## ਆਮ ਸਫ਼ਾਈ ਲਈ ਸੁਝਾਅ:

- ਇਕ ਵੇਲੇ ਇਕ ਕਮਰੇ ਦੀ ਸਫ਼ਾਈ ਕਰੋ।
- ਦੋ-ਬਾਲਟੀਆਂ ਵਾਲਾ ਢੰਗ ਵਰਤੋ: ਇਕ ਬਾਲਟੀ ਸਫ਼ਾਈ ਲਈ ਵਰਤੇ ਜਾਣ ਵਾਲੇ ਘੋਲ ਲਈ ਅਤੇ ਦੂਜੀ ਪੋਚਾ ਵਗੈਰਾ ਧੋਣ ਲਈ। ਦੂਜੀ ਬਾਲਟੀ ਵਾਲੇ ਪਾਣੀ ਨੂੰ ਬਾਰ ਬਾਰ ਬਦਲੋ।
- ਆਪਣੇ ਹੱਥਾਂ ਨੂੰ ਬਚਾਉ – ਰਬੜ ਦੇ ਦਸਤਾਨੇ ਪਾਉ।
- ਕੰਧਾਂ ਦੀ ਥੱਲਿਉਂ ਉਪਰ ਨੂੰ ਸਫ਼ਾਈ ਕਰੋ ਤਾਂ ਜੋ ਤੁਹਾਨੂੰ ਇਹ ਸੌਖਿਆਂ ਹੀ ਪਤਾ ਲੱਗ ਸਕੇ ਕਿ ਤੁਸੀਂ ਕਿੱਥੇ ਪਹਿਲਾਂ ਹੀ ਸਫ਼ਾਈ ਕਰ ਲਈ ਹੈ।
- ਤਿੰਨ ਕਦਮਾਂ ਵਾਲਾ ਤਰੀਕਾ ਵਰਤੋ। ਪਹਿਲਾਂ, ਕਮਰਾ ਜਾਂ ਚੀਜ਼ ਸਾਫ਼ ਕਰੋ। ਫਿਰ, ਜਰਾਸੀਮਾਂ ਨੂੰ ਮਾਰਨ ਅਤੇ ਹੜ੍ਹ ਦੇ ਪਾਣੀ ਜਾਂ ਧੂੰਏਂ ਨਾਲ ਪੈਦਾ ਹੋਏ ਮੁਸ਼ਕ ਨੂੰ ਖਤਮ ਕਰਨ ਲਈ ਇਸ ਨੂੰ ਰੋਗਾਣੂ-ਰਹਿਤ ਕਰੋ। ਫਿਰ, ਜੇ ਲੋੜ ਹੋਵੇ ਤਾਂ ਉੱਲੀ ਤੋਂ ਛੁਟਕਾਰਾ ਪਾਉ ਜੋ ਕਿ ਧੱਬਿਆਂ ਦੇ ਰੂਪ ਵਿਚ ਦਿਖਾਈ ਦਿੰਦੀ ਹੈ।

## ਚਿਤਾਵਨੀ:

- ਸਫ਼ਾਈ ਵਾਲੀਆਂ ਚੀਜ਼ਾਂ ਉੱਪਰ ਲਿਖੀਆਂ ਗਈਆਂ ਹਿਦਾਇਤਾਂ ਦੀ ਧਿਆਨ ਨਾਲ ਪਾਲਣਾ ਕਰੋ। ਉਨ੍ਹਾਂ ਦੀ ਵਰਤੋਂ ਕਰਨ ਵੇਲੇ ਰਬੜ ਦੇ ਦਸਤਾਨੇ ਪਾਉ ਅਤੇ ਐਨਕਾਂ ਲਾਉ, ਬੱਚਿਆਂ ਅਤੇ ਜਾਨਵਰਾਂ ਨੂੰ ਦੂਰ ਰੱਖੋ, ਅਤੇ ਸਮਾਨ ਨੂੰ ਲਪਟਾਂ ਤੋਂ ਦੂਰ ਰੱਖੋ। ਇਹ ਪੱਕਾ ਕਰੋ ਕਿ ਹਵਾਦਾਰੀ ਚੰਗੀ ਹੋਵੇ।
- ਕਦੇ ਵੀ ਅਮੋਨੀਆ ਨੂੰ ਬਲੀਚ ਜਾਂ ਕਿਸੇ ਸਫ਼ਾਈ ਵਾਲੀ ਚੀਜ਼ ਨਾਲ ਨਾ ਮਿਲਾਉ।
- ਬਲੀਚ ਨੂੰ ਅਲਮੋਨੀਅਮ ਜਾਂ ਲਿਨੋਲੀਅਮ ਉੱਪਰ ਨਾ ਪਾਉ।

**ਹੜ੍ਹ ਤੋਂ ਬਾਅਦ ਸਫ਼ਾਈ ਦੇ ਤਰੀਕਿਆਂ ਅਤੇ ਸਿਹਤ ਨਾਲ ਸੰਬੰਧਿਤ ਮਹੱਤਵਪੂਰਨ ਜਾਣਕਾਰੀ ਲਈ ਇਹ ਵੈੱਬਸਾਈਟ ਦੇਖੋ: www.bchealthguide.org/healthfiles/hfile20.stm**



# ਕਦਮ ਛੇ: ਸਫ਼ਾਈ ਕਰਨਾ – ਹੜ੍ਹ ਤੋਂ ਬਾਅਦ

**ਜੇ ਤੁਸੀਂ ਇਨਸ਼ੋਰੈਂਸ ਕਰਵਾਈ ਹੋਈ ਹੈ ਤਾਂ ਆਪਣੀ ਇਨਸ਼ੋਰੈਂਸ ਕੰਪਨੀ ਨਾਲ ਸੰਪਰਕ ਕਰੋ।** ਇਸ ਨਾਲ ਹੜ੍ਹਾਂ ਦੀ ਖਰਾਬੀ ਨਾਲ ਸੰਬੰਧਿਤ ਕਿਸੇ ਮਾਹਰ ਤੋਂ ਇਹ ਪਤਾ ਲਾਉਣ ਲਈ ਤੁਹਾਡਾ ਸਮਾਂ ਬਚੇਗਾ ਕਿ ਕਿਹੜੀ ਚੀਜ਼ ਬਚਾਉਣ ਦਾ ਫਾਇਦਾ ਹੈ ਅਤੇ ਕਿਹੜੀ ਨਹੀਂ।

ਹੜ੍ਹ ਤੋਂ ਬਾਅਦ ਸਫ਼ਾਈ ਲਈ ਮੁਢਲੇ ਕਦਮ ਇਹ ਹਨ: ਖੜ੍ਹਾ ਪਾਣੀ ਕੱਢ ਦਿਉ; ਚਿੱਕੜ ਹਟਾ ਦਿਉ; ਉਹ ਕੰਧਾਂ ਢਾਹ ਦਿਉ ਜਿਨ੍ਹਾਂ ਨੂੰ ਢਾਹੁਣ ਦੀ ਲੋੜ ਹੈ; ਸਫ਼ਾਈ ਕਰੋ; ਅਤੇ ਰੋਗਾਣੂ-ਰਹਿਤ ਕਰੋ। ਇਨ੍ਹਾਂ ਬਾਰੇ ਹੋਰ ਵੇਰਵੇ ਇਹ ਹਨ:

- **ਖੜ੍ਹਾ ਪਾਣੀ ਹੌਲੀ ਹੌਲੀ ਕੱਢੋ।** ਹੜ੍ਹ ਦੇ ਪਾਣੀ ਦੇ ਲਹਿ ਕੇ ਬਾਹਰ ਚਲੇ ਜਾਣ ਤੋਂ ਬਾਅਦ ਆਪਣੇ ਘਰ ਵਿੱਚੋਂ ਪਾਣੀ ਬਾਹਰ ਕੱਢਣਾ ਜ਼ਰੂਰੀ ਹੈ, ਪਰ ਤੁਹਾਨੂੰ ਅਜਿਹਾ ਸਹਿਜੇ ਸਹਿਜੇ ਕਰਨਾ ਚਾਹੀਦਾ ਹੈ ਤਾਂ ਜੋ ਕੰਧਾਂ ਵਿਚ ਤੇੜਾਂ ਨਾ ਆ ਜਾਣ ਜਾਂ ਲਿਫ ਨਾ ਜਾਣ। ਪਾਣੀ ਨੂੰ ਪੜਾਵਾਂ ਵਿਚ ਕੱਢੋ, ਹਰ ਰੋਜ਼ ਪਾਣੀ ਦਾ ਤਕਰੀਬਨ ਤੀਜਾ ਹਿੱਸਾ।
- **ਚਿੱਕੜ ਤੋਂ ਛੁਟਕਾਰਾ ਪਾਉ ਅਤੇ ਘਰ ਨੂੰ ਹੋਜ਼ (ਪਾਣੀ ਦੀ ਪਾਈਪ) ਨਾਲ ਸਾਫ਼ ਕਰੋ।** ਹੜ੍ਹ ਦੇ ਪਾਣੀ ਨਾਲ ਰਹਿ ਗਏ ਚਿੱਕੜ ਵਿਚ ਸਰੀਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਤੱਤ ਹੁੰਦੇ ਹਨ। ਇਸ ਚਿੱਕੜ ਤੋਂ ਛੇਤੀ ਤੋਂ ਛੇਤੀ ਛੁਟਕਾਰਾ ਪਾਉਣਾ ਜ਼ਰੂਰੀ ਹੈ – ਚਿੱਕੜ ਦੇ ਸੁੱਕਣ ਤੋਂ ਪਹਿਲਾਂ ਪਹਿਲਾਂ ਅਜਿਹਾ ਕਰਨਾ ਕਾਫ਼ੀ ਸੌਖਾ ਹੈ।

  **ਜਿੰਨਾ ਵੀ ਚਿੱਕੜ ਕੱਢ ਸਕਦੇ ਹੋਵੋ ਸ਼ੁਵਲ ਨਾਲ ਕੱਢ ਦਿਉ।** ਇਹ ਪੱਕਾ ਕਰੋ ਕਿ ਬਿਜਲੀ ਬੰਦ ਕੀਤੀ ਹੋਈ ਹੈ, ਫਿਰ ਕੰਧਾਂ ਜਾਂ ਫਰਨੀਚਰ ਨਾਲ ਜੁੜੇ ਹੋਏ ਗਾਰੇ ਨੂੰ ਪਾਣੀ ਦੀ ਹੋਜ਼ ਨਾਲ ਲਾਹ ਦੇਵੋ। ਲਾਈਟ ਸੌਕਟਾਂ, ਬਿਜਲੀ ਦੇ ਬੌਕਸ, ਅਤੇ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ ਦੇ ਝਰਨੇ ’ਤੇ ਹੋਜ਼ ਮਾਰਨਾ ਨਾ ਭੁੱਲੋ। ਰਹਿੰਦਾ ਪਾਣੀ ਮੌਪ, ਰਬੜ-ਪੂੰਝੇ ਨਾਲ ਚੁੱਕ ਦੇਵੋ ਅਤੇ ਜੇ ਤੁਹਾਡੇ ਕੋਲ ਬਿਜਲੀ ਦਾ ਬਾਹਰੋਂ ਪ੍ਰਬੰਧ ਹੈ ਤਾਂ ਸ਼ੌਪ ਵੈਕਿਊਮ ਨਾਲ ਇਨ੍ਹਾਂ ਨੂੰ ਹਵਾ ਮਾਰ ਕੇ ਸੁਕਾਉ।
- **ਪਾਣੀ ਵਿਚ ਗੜੁੱਚ ਅਤੇ ਗੰਦੇ ਸਮਾਨ ਨੂੰ ਲਾਹ ਦੇਵੋ, ਹੋਜ਼ ਨਾਲ ਪਾਣੀ ਮਾਰੋ ਅਤੇ ਬਾਅਦ ਵਿਚ ਵਰਤਣ ਲਈ ਕਿਸੇ ਸੁਰੱਖਿਅਤ, ਸੁੱਕੀ ਥਾਂ ’ਤੇ ਰੱਖ ਦਿਉ।** ਇਸ ਵਿਚ ਫਰਨੀਚਰ, ਕਾਰਪਟ, ਕੱਪੜੇ, ਅਪਲਾਇੰਸਿਜ਼, ਬਿਸਤਰੇ ਅਤੇ ਭਾਂਡੇ ਸ਼ਾਮਲ ਹਨ – ਹਰ ਇਕ ਉਹ ਚੀਜ਼ ਜਿਹੜੀ ਹੜ੍ਹ ਦੇ ਪਾਣੀ ਦੇ ਸੰਪਰਕ ਵਿਚ ਆਈ ਹੈ।
- **ਘਰ ਦੇ ਹਰ ਧਰਾਤਲ ਨੂੰ ਰੋਗਾਣੂ-ਰਹਿਤ ਕਰੋ, ਭਾਵੇਂ ਉਹ ਹੜ੍ਹ ਦੇ ਪਾਣੀ ਨਾਲ ਭਿੱਜੇ ਹੋਣ ਜਾਂ ਨਹੀਂ।** ਇਸ ਵਿਚ ਕੰਧਾਂ, ਸੀਲਿੰਗਾਂ, ਫਰਸ਼ਾਂ ਅਤੇ ਘਰ ਵਿਚ ਬਚੀਆਂ ਕੋਈ ਵੀ ਹੋਰ ਚੀਜ਼ਾਂ ਸ਼ਾਮਲ ਹਨ। ਰੋਗਾਣੂ-ਰਹਿਤ ਕਰਨ ਵਾਲੇ ਜਾਂ ਸਫ਼ਾਈ ਕਰਨ ਵਾਲੇ ਪਦਾਰਥਾਂ ਨੂੰ ਪੂਰੀ ਤਾਕਤ ਵਿਚ ਵਰਤੋ, ਜਾਂ ਇਕ ਹਿੱਸਾ ਤਰਲ ਕਲੋਰੀਨ ਬਲੀਚ ਨੂੰ ਚਾਰ ਹਿੱਸੇ ਪਾਣੀ ਵਿਚ ਰਲਾ ਕੇ ਵਰਤੋ। ਸਫ਼ਾਈ ਤੋਂ ਬਾਅਦ ਸਾਰੀਆਂ ਥਾਂਵਾਂ ਨੂੰ ਚੰਗੀ ਤਰ੍ਹਾਂ ਪਾਣੀ ਨਾਲ ਸਾਫ਼ ਕਰੋ।



- **ਤੁਹਾਨੂੰ ਇਸ ਬਾਰੇ ਔਖੇ ਫੈਸਲੇ ਕਰਨੇ ਪੈਣਗੇ ਕਿ ਕਿਹੜੀ ਚੀਜ਼ ਰੱਖਣੀ ਹੈ ਅਤੇ ਕਿਹੜੀ ਸੁੱਟਣੀ ਹੈ।** (ਇਸ ਭਾਗ ਵਿਚ ਬੌਕਸ ਦੇਖੋ)। ਸੀਵਰੇਜ ਨਾਲ ਗੰਦੀਆਂ ਹੋਈਆਂ ਘਰੇਲੂ ਚੀਜ਼ਾਂ, ਜਾਂ ਜਿਹੜੀਆਂ ਲੰਮਾ ਸਮਾਂ ਭਿੱਜੀਆਂ ਰਹੀਆਂ ਹਨ, ਉਨ੍ਹਾਂ ਨੂੰ ਬੈਗ ਵਿਚ ਪਾਉਣਾ, ਉੱਪਰ ਲੇਬਲ ਲਾਉਣਾ ਅਤੇ ਸਥਾਨਕ ਨਿਯਮਾਂ ਮੁਤਾਬਕ ਸੁੱਟਣਾ ਜ਼ਰੂਰੀ ਹੈ। ਖਰਾਬ ਹੋਈਆਂ ਜਿਹੜੀਆਂ ਚੀਜ਼ਾਂ ਸੁੱਟਣੀਆਂ ਪੈਣੀਆਂ ਹਨ ਉਨ੍ਹਾਂ ਦੀਆਂ ਫੋਟੋਆਂ ਜਾਂ ਵੀਡੀਓ ਲੈ ਲਵੋ। ਗਾਰਬੇਜ ਅਤੇ ਖਾਣ ਪੀਣ ਦੀਆਂ ਚੀਜ਼ਾਂ ਤੋਂ ਫ਼ੌਰਨ ਛੁਟਕਾਰਾ ਪਾਉ। ਗਾਰਬੇਜ ਨੂੰ ਜਮ੍ਹਾਂ ਨਾ ਹੋਣ ਦਿਉ।

**ਰੱਖੀਏ ਜਾਂ ਸੁੱਟੀਏ?**

ਤੁਹਾਨੂੰ ਆਪਣੀ ਸਮਝ ਵਰਤਣੀ ਪਵੇਗੀ, ਜੋ ਕਿ ਇਸ ਚੀਜ਼ ’ਤੇ ਨਿਰਭਰ ਕਰਗੀ ਕਿ ਹੜ੍ਹ ਕਿੰਨਾ ਕੁ ਆਇਆ ਹੈ। ਇਕ ਆਮ ਨਿਯਮ ਵਜੋਂ, ਉਹ ਹਰ ਚੀਜ਼ ਸੁੱਟ ਦਿਉ ਜਿਹੜੀ ਗੰਦੇ ਪਾਣੀ ਨਾਲ ਗੰਦੀ ਹੋਈ ਹੈ ਜਾਂ ਲੰਮਾ ਸਮਾਂ ਭਿੱਜੀ ਰਹੀ ਹੈ।

**ਰੱਖਣਾ**
- ਚੰਗੀ ਕੁਆਲਟੀ ਦੀ ਲੱਕੜੀ ਦੇ ਫਰਨੀਚਰ ਦੇ ਫਰੇਮ
- ਧੋਤੇ ਜਾ ਸਕਣ ਵਾਲੇ ਕੱਪੜੇ
- ਕੀਮਤੀ ਪੇਪਰ
- ਅਪਲਾਇੰਸਜ਼

**ਸੁੱਟਣਾ**
- ਮੈਟਰੈਸ ਅਤੇ ਸਿਰ੍ਹਾਣੇ
- ਫੋਮ ਰਬੜ
- ਕਾਰਪਟ ਅਤੇ ਕਾਰਪਟ ਦੇ ਪੈਡ
- ਫਰਨੀਚਰ ਦੇ ਗਿਲਾਫ ਅਤੇ ਗੱਦੀਆਂ
- ਕੱਪੜਿਆਂ ਨਾਲ ਤੁੰਨੇ ਹੋਏ ਜਾਨਵਰ-ਖਿਡੌਣੇ ਅਤੇ ਬੱਚਿਆਂ ਦੇ ਖਿਡੌਣੇ
- ਖਾਣਾ, ਹਾਰ-ਸ਼ਿੰਗਾਰ ਦੀਆਂ ਚੀਜ਼ਾਂ ਅਤੇ ਦਵਾਈਆਂ *(**ਕਦਮ ਚਾਰ** ਦੇਖੋ)*
- ਗੱਤੇ ਦਾ ਫਰਨੀਚਰ ਅਤੇ ਘੱਟ ਮਹਿੰਗੀਆਂ ਚੀਜ਼ਾਂ

## ਸੁਕਾਉਣਾ

- ਉੱਲੀ ਅਤੇ ਜਰਾਸੀਮਾਂ ਦੇ ਵਾਧੇ ਨੂੰ ਰੋਕਣ ਲਈ **ਘਰ ਨੂੰ ਅਤੇ ਇਸ ਵਿਚਲੀਆਂ ਚੀਜ਼ਾਂ ਨੂੰ ਛੇਤੀ ਅਤੇ ਚੰਗੀ ਤਰ੍ਹਾਂ ਸੁਕਾਉ।**
  - **ਹਵਾਦਾਰੀ ਵਧਾਉ ਅਤੇ ਨਮੀ ਘਟਾਉ:** ਦਰਵਾਜ਼ੇ ਅਤੇ ਖਿੜਕੀਆਂ ਖੋਲ੍ਹੋ ਤਾਂ ਜੋ ਸਿੱਲ੍ਹੀ ਹਵਾ ਬਾਹਰ ਨਿਕਲ ਜਾਵੇ। ਜੇ ਤੁਹਾਡੇ ਕੋਲ ਬਾਹਰੋਂ ਬਿਜਲੀ ਦਾ ਪ੍ਰਬੰਧ ਹੈ, ਜਾਂ ਅੰਦਰਲੀ ਬਿਜਲੀ ਚਾਲੂ ਕਰ ਦਿੱਤੀ ਗਈ ਹੈ ਤਾਂ ਤੁਸੀਂ ਨਮੀ ਘਟਾਉਣ ਵਾਲੇ ਜੰਤਰ (ਡੀਹਿਊਮਿਡੀਫਾਇਰ) ਵੀ ਵਰਤ ਸਕਦੇ ਹੋ।
  - **ਜੇ ਢੁਕਵਾਂ ਹੋਵੇ ਤਾਂ ਆਪਣੇ ਘਰ ਨੂੰ ਗਰਮ ਕਰੋ।** ਇਕ ਵਾਰ ਫਿਰ, ਜੇ ਤੁਹਾਡੇ ਕੋਲ ਬਿਜਲੀ ਦਾ ਸੁਰੱਖਿਅਤ ਵਸੀਲਾ ਹੈ ਤਾਂ ਸੁੱਕਣ ਦੀ ਕ੍ਰਿਆ ਨੂੰ ਤੇਜ਼ ਕਰਨ ਲਈ ਬਿਜਲੀ ਨਾਲ ਚੱਲਣ ਵਾਲੇ ਹੀਟਰਾਂ ਦੀ ਵਰਤੋਂ ਕਰੋ। ਨੈਚਰਲ ਗੈਸ ਜਾਂ ਪ੍ਰੋਪੇਨ ਫਰਨੇਸ ਦੀ ਵਰਤੋਂ ਸਿਰਫ ਯੋਗਤਾਪ੍ਰਾਪਤ ਟੈਕਨੀਸ਼ੀਅਨ ਦੇ ਚੈੱਕ ਕਰਨ ਤੋਂ ਬਾਅਦ ਹੀ ਕਰੋ। ਪਰ ਜਿੰਨਾ ਚਿਰ ਘਰ ਵਿੱਚੋਂ ਸਾਰਾ ਪਾਣੀ ਕੱਢ ਨਹੀਂ ਦਿੱਤਾ ਜਾਂਦਾ, ਘਰ ਨੂੰ ਬਾਹਰ ਦੇ ਤਾਪਮਾਨ ਤੋਂ ਜ਼ਿਆਦਾ ਗਰਮ ਨਾ ਕਰੋ।

**ਚਿਤਾਵਨੀ:**
- ਜੇ ਤੁਸੀਂ ਗਿੱਲੀਆਂ ਜਾਂ ਸਿੱਲੀਆਂ ਥਾਂਵਾਂ ਵਿਚ ਬਿਜਲੀ ਦੇ ਸਾਜ਼-ਸਮਾਨ ਨਾਲ ਸਫ਼ਾਈ ਕਰ ਰਹੇ ਹੋ ਤਾਂ ਬਿਜਲੀ ਦੇ ਝਟਕੇ ਤੋਂ ਰੋਕਥਾਮ ਕਰਨ ਲਈ ਗਰਾਊਂਡ ਫਾਲਟ ਸਰਕਟ ਇੰਟਰੱਪਟਰ ਵਰਤੋ।
- ਆਪਣੇ ਘਰ ਨੂੰ ਗਰਮ ਕਰਨ ਲਈ ਕਦੇ ਵੀ ਨੈਚਰਲ ਗੈਸ ਓਵਨ, ਖਾਣਾ ਬਣਾਉਣ ਵਾਲਾ ਚੁੱਲ੍ਹਾ, ਬਾਰਬੇਕਿਉ, ਕੋਲੇ ਵਾਲੀ ਅੰਗੀਠੀ ਜਾਂ ਇੱਕ ਤੋਂ ਦੂਜੀ ਥਾਂ ਲਿਜਾਇਆ ਜਾ ਸਕਣ ਵਾਲਾ ਪ੍ਰੋਪੇਨ ਹੀਟਰ **ਨਾ** ਵਰਤੋ। ਇਹ ਚੀਜ਼ਾਂ ਤੁਹਾਨੂੰ ਸਾਹ ਲੈਣ ਲਈ ਚਾਹੀਦੀ ਆਕਸੀਜਨ ਖਿੱਚ ਲੈਂਦੀਆਂ ਹਨ ਅਤੇ ਮਾਰੂ ਕਾਰਬਨ ਮੋਨੋਅਕਸਾਈਡ ਛੱਡਦੀਆਂ ਹਨ, ਜਿਹੜੀਆਂ ਮੌਤ ਦਾ ਕਾਰਨ ਬਣ ਸਕਦੀਆਂ ਹਨ।

- **ਕੰਧਾਂ ਵਿੱਚੋਂ ਹੜ੍ਹ ਨਾਲ ਗਿੱਲੀ ਹੋਈ ਇਨਸੂਲੇਸ਼ਨ ਕੱਢ ਦਿਉ।** ਅਜਿਹਾ ਜਿੰਨਾ ਵੀ ਛੇਤੀ ਹੋ ਸਕੇ ਕਰੋ। ਗਿੱਲੀ ਇਨਸੂਲੇਸ਼ਨ ਨਮੀ ਨੂੰ ਫੜੀ ਰੱਖਦੀ ਹੈ, ਜਿਸ ਨਾਲ ਉੱਲੀ ਅਤੇ ਜਰਾਸੀਮਾਂ ਨੂੰ ਉਤਸ਼ਾਹ ਮਿਲਦਾ ਹੈ ਅਤੇ ਘਰ ਦੇ ਹੋਰ ਸਮਾਨ ਦਾ ਚੰਗੀ ਤਰ੍ਹਾਂ ਸੁੱਕਣਾ ਔਖਾ ਹੁੰਦਾ ਹੈ। ਜਿੱਥੋਂ ਤੱਕ ਪਾਣੀ ਚੜ੍ਹ ਆਇਆ ਹੋਵੇ, ਉਸ ਤੋਂ ਘੱਟੋ ਘੱਟ 50 ਸੈਂਟੀਮੀਟਰ (20 ਇੰਚ) ਉਪਰ ਤੱਕ ਇਨਸੂਲੇਸ਼ਨ ਲਾਹ ਦਿਉ।

# ਕਦਮ ਛੇ: ਸਫ਼ਾਈ ਕਰਨਾ – ਹੜ੍ਹ ਤੋਂ ਬਾਅਦ (ਜਾਰੀ)

ਪੱਖੇ ਨਾਲ ਭਰੀ ਹੋਈ ਇਨਸੂਲੇਸ਼ਨ ਦੁਬਾਰਾ ਨਹੀਂ ਵਰਤੀ ਜਾ ਸਕਦੀ। ਜੇ ਸਖ਼ਤ ਫੋਮ ਇਨਸੂਲੇਸ਼ਨ ਬਿਨਾਂ ਤੋੜਨ ਤੋਂ ਕੱਢੀ ਜਾ ਸਕਦੀ ਹੋਵੇ ਤਾਂ ਇਸ ਨੂੰ ਕਲੋਰੀਨ ਦੇ ਘੋਲ ਨਾਲ ਰੋਗਾਣੂ-ਰਹਿਤ ਕੀਤਾ ਜਾ ਸਕਦਾ ਹੈ ਅਤੇ ਫਿਰ ਧੋਤਾ ਜਾ ਸਕਦਾ ਹੈ। ਫਿਰ ਪੂਰੀ ਤਰ੍ਹਾਂ ਸੁੱਕ ਜਾਣ ਤੋਂ ਬਾਅਦ, ਇਸ ਨੂੰ ਦੁਬਾਰਾ ਪਾਇਆ ਜਾ ਸਕਦਾ ਹੈ। ਜੇ ਕੱਢਣ ਵੇਲੇ ਇਹ ਟੁੱਟ ਜਾਵੇ ਤਾਂ ਇਸ ਨੂੰ ਕੱਢ ਕੇ ਸੁੱਟਿਆ ਜਾਣਾ ਅਤੇ ਬਦਲਿਆ ਜਾਣਾ ਜ਼ਰੂਰੀ ਹੈ, ਤਾਂ ਜੋ ਤੁਸੀਂ ਕੰਧ ਨੂੰ ਰੋਗਾਣੂ-ਰਹਿਤ ਕਰਨ ਲਈ ਇਸ ਦੇ ਪਿੱਛੇ ਪਹੁੰਚ ਸਕੋ।

ਸਾਰੀਆਂ ਕੰਧਾਂ ਅਤੇ ਛੱਤਾਂ ਦੀ ਚੰਗੀ ਤਰ੍ਹਾਂ ਸਫ਼ਾਈ ਕਰੋ, ਜਿੱਥੋਂ ਤੱਕ ਹੜ੍ਹ ਦਾ ਪਾਣੀ ਆਇਆ ਹੋਵੇ ਉਸ ਤੋਂ ਉਪਰਲੇ ਹਿੱਸੇ ਦੀ ਵੀ। ਇਹ ਹਿੱਸੇ ਜ਼ਿਆਦਾ ਨਮੀ ਦੇ ਸੰਪਰਕ ਵਿਚ ਆਏ ਹੋ ਸਕਦੇ ਹਨ, ਜਿਸ ਨਾਲ ਉੱਲੀ ਦੇ ਵਧਣ ਨੂੰ ਉਤਸ਼ਾਹ ਮਿਲਦਾ ਹੈ।

- **ਅੰਦਰਲੀਆਂ ਕੰਧਾਂ ਨੂੰ ਸੁਕਾਉ ਅਤੇ ਰੋਗਾਣੂ-ਰਹਿਤ ਕਰੋ।**
  - **ਪਲੱਸਤਰ ਦੀਆਂ ਕੰਧਾਂ:** ਬੇਸਬੋਰਡ ਟਰਿੱਮ ਲਾਹ ਕੇ ਅਤੇ ਫਰਸ਼ ਤੋਂ 5 ਸੈਂਟੀਮੀਟਰ (2 ਇੰਚ) ਉਪਰ ਮੋਰੀਆਂ ਕਰ ਕੇ ਕੋਈ ਵੀ ਖੜ੍ਹਾ ਪਾਣੀ ਕੱਢੋ।
  - **ਵਾਲਬੋਰਡ:** ਹੜ੍ਹ ਨਾਲ ਭਿੱਜੇ ਹਿੱਸੇ ਕੱਢੇ ਜਾਣੇ ਅਤੇ ਸੁੱਟੇ ਜਾਣੇ ਜ਼ਰੂਰੀ ਹਨ। ਜਿੱਥੋਂ ਤੱਕ ਹੜ੍ਹ ਦਾ ਪਾਣੀ ਆਇਆ ਹੋਵੇ ਉਸ ਤੋਂ ਘੱਟੋ ਘੱਟ 50 ਸੈਂਟੀਮੀਟਰ (20 ਇੰਚ) ਉਪਰ ਤੋਂ ਲਾਹ ਦਿਉ।
  - **ਪੈਨਲਾਂ ਵਾਲੀਆਂ ਕੰਧਾਂ:** ਪੈਨਲਾਂ ਨੂੰ ਹੇਠਲੀ ਨੁੱਕਰ ਤੋਂ ਜ਼ੋਰ ਦੀ ਧੱਕ ਕੇ ਕੰਧਾਂ ਦੇ ਸਟੱਡਾਂ ਤੋਂ ਬਾਹਰ ਕੱਢ ਦਿਉ।

  ਇਕ ਹਿੱਸਾ ਤਰਲ ਕਲੋਰੀਨ ਬਲੀਚ ਅਤੇ ਚਾਰ ਹਿੱਸੇ ਪਾਣੀ ਦੇ ਰੋਗਾਣੂ-ਰਹਿਤ ਕਰਨ ਵਾਲੇ ਘੋਲ ਨਾਲ ਸਾਰੀਆਂ ਅੰਦਰਲੀਆਂ ਮੋਰੀਆਂ ਨੂੰ ਸਾਫ਼ ਕਰੋ। ਚੰਗੀ ਤਰ੍ਹਾਂ ਸੁੱਕਣ ਦਿਉ, ਅਤੇ ਵਿਚ ਵਿਚ ਜਾਂਚ ਕਰੋ ਕਿ ਉੱਲੀ ਤਾਂ ਨਹੀਂ ਲੱਗ ਰਹੀ। ਜੇ ਤੁਹਾਨੂੰ ਉੱਲੀ ਦਿਖਾਈ ਦੇਵੇ ਜਾਂ ਉੱਲੀ ਦਾ ਮੁਸ਼ਕ ਆਵੇ ਤਾਂ ਇਕ ਵਾਰ ਫਿਰ ਰੋਗਾਣੂ-ਰਹਿਤ ਕਰਨ ਵਾਲੇ ਘੋਲ ਨਾਲ ਸਾਫ਼ ਕਰੋ। ਇਹ ਪੱਕਾ ਕਰੋ ਕਿ ਮੋਰੀਆਂ ਬੰਦ ਕਰਨ ਤੋਂ ਪਹਿਲਾਂ ਇਹ ਚੰਗੀ ਤਰ੍ਹਾਂ ਸੁੱਕ ਜਾਣ – ਇਸ ਨੂੰ ਕਈ ਹਫ਼ਤੇ ਲੱਗ ਸਕਦੇ ਹਨ।

- **ਫਰਸ਼ਾਂ ਨੂੰ ਸੁਕਾਉ ਅਤੇ ਰੋਗਾਣੂ-ਰਹਿਤ ਕਰੋ।** ਇਹ ਚੈੱਕ ਕਰੋ ਕਿ ਫਰਸ਼ ਦੀ ਇਨਸੂਲੇਸ਼ਨ ਤਾਂ ਗਿੱਲੀ ਨਹੀਂ ਹੋਈ। ਜੇ ਤੁਹਾਨੂੰ ਕੋਈ ਦਿਖਾਈ ਦੇਵੇ ਤਾਂ ਇਸ ਨੂੰ ਕੱਢ ਦਿਉ, ਫਿਰ ਰੋਗਾਣੂ-ਰਹਿਤ ਕਰੋ ਅਤੇ ਫਰਸ਼ ਦੀ ਫਰੇਮਿੰਗ ਨੂੰ ਵੀ ਉਸ ਤਰ੍ਹਾਂ ਸੁਕਾਉ ਜਿਸ ਤਰ੍ਹਾਂ ਕੰਧਾਂ ਸੁਕਾਈਆਂ ਹਨ (ਉਪਰ ਦੇਖੋ)। ਉਹ ਫਰਸ਼ ਬਦਲ ਦੇਵੋ ਜਿਸ ਵਿਚ ਹੜ੍ਹ ਦਾ ਪਾਣੀ ਜਾਂ ਸੂਅਜ਼ ਰਚ ਗਿਆ ਹੈ।
  - **ਲੱਕੜੀ ਦੀਆਂ ਫਰਸ਼ਾਂ:** ਗੜੁੱਚ ਹੋਈਆਂ ਫਰਸ਼ਾਂ ਵਿਚ ਭੰਨ ਪੈ ਸਕਦੇ ਹਨ, ਅਤੇ ਹਾਰਡਵੁੱਡ ਵਾਲੀਆਂ ਫਰਸ਼ਾਂ 'ਤੇ ਸੌਫਟਵੁੱਡ ਵਾਲੀਆਂ ਫਰਸ਼ਾਂ ਨਾਲੋਂ ਭੰਨ ਪੈਣ ਦੇ ਜ਼ਿਆਦਾ ਖ਼ਤਰੇ ਹਨ। ਸੁਕਾਉਣ ਦੇ ਕਾਰਜ ਵੇਲੇ ਬਹੁਤ ਜ਼ਿਆਦਾ ਹੀਟ ਭੰਨ ਪੈਣ ਨੂੰ ਹੋਰ ਵੀ ਬਦਤਰ ਕਰ ਸਕਦੀ ਹੈ, ਇਸ ਕਰਕੇ ਫਰਸ਼ਾਂ ਨੂੰ ਕੁਦਰਤੀ ਤਾਪਮਾਨ 'ਤੇ ਸੁੱਕਣ ਦਿਉ। ਇਸ ਨੂੰ ਕਈ ਦਿਨ ਜਾਂ ਹਫ਼ਤੇ ਵੀ ਲੱਗ ਸਕਦੇ ਹਨ। ਆਪਣੀ ਲੱਕੜੀ ਦੀ ਫਰਸ਼ ਨੂੰ ਸਾਂਭਣ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਫੈਸਲਾ ਕਰਨ ਵਿਚ ਫਰਸ਼ਾਂ ਦਾ ਕੋਈ ਮਾਹਰ ਮਦਦ ਕਰ ਸਕਦਾ ਹੈ।
  - **ਲਾਇਨੋ, ਵਾਇਨਲ ਅਤੇ ਟਾਇਲ ਫਰਸ਼ਾਂ:** ਇਹ ਪਰਤਾਂ ਹੇਠਲੇ ਹਿੱਸੇ ਦੇ ਸੁੱਕਣ ਦੇ ਕਾਰਜ ਨੂੰ ਹੌਲੀ ਕਰ ਸਕਦੀਆਂ ਹਨ। ਜਦੋਂ ਪਾਣੀ ਲਾਇਨੋ (ਲਾਇਨੋਲੀਅਮ) ਦੇ ਹੇਠਾਂ ਚਲਾ ਜਾਂਦਾ ਹੈ ਤਾਂ ਇਹ ਮੁਸ਼ਕ ਪੈਦਾ ਕਰ ਸਕਦਾ ਹੈ ਅਤੇ ਹੇਠਲੀ ਲੱਕੜ ਦੀ ਫਰਸ਼ ਵਿਚ ਫਰੜ ਪਾ ਸਕਦਾ ਹੈ। ਜੇ ਪਾਣੀ ਹੇਠਾਂ ਚਲਾ ਗਿਆ ਹੈ ਤਾਂ ਲਾਇਨੋ ਲਾਹ ਦਿਉ। ਫਰਸ਼ਾਂ ਦੇ ਕਿਸੇ ਡੀਲਰ ਤੋਂ ਕਿਸੇ ਅਜਿਹੇ ਘੋਲ ਬਾਰੇ ਪੁੱਛੋ ਜਿਸ ਨਾਲ ਫਰਸ਼ ਦਾ ਨੁਕਸਾਨ ਕੀਤੇ ਬਿਨਾਂ ਲਾਇਨੋ ਦਾ ਸੀਮਿੰਟ ਢਿੱਲਾ ਹੁੰਦਾ ਹੋਵੇ। ਲਾਇਨੋ ਬਦਲਣ ਤੋਂ ਪਹਿਲਾਂ ਫਰਸ਼ ਨੂੰ ਚੰਗੀ ਤਰ੍ਹਾਂ ਸੁੱਕਣ ਦਿਉ।

- **ਫਰਨੀਚਰ ਅਤੇ ਕੈਬਨਿਟਾਂ:** ਹੜ੍ਹ ਨਾਲ ਖਰਾਬ ਹੋਏ ਫਰਨੀਚਰ ਨੂੰ ਸੁੱਕੇ, ਛਾਂ ਵਾਲੇ ਏਰੀਏ ਵਿਚ ਲਿਜਾਉ ਅਤੇ ਇਸ ਨੂੰ ਹੌਲੀ ਹੌਲੀ ਸੁੱਕਣ ਦਿਉ। ਜੇ ਫਰਨੀਚਰ ਠੋਸ ਲੱਕੜੀ ਦਾ ਬਣਿਆ ਹੋਇਆ ਹੈ ਤਾਂ ਨੁਕਸਾਨ ਨੂੰ ਆਮ ਤੌਰ 'ਤੇ ਠੀਕ ਕੀਤਾ ਜਾ ਸਕਦਾ ਹੈ, ਪਰ ਝਾਲ ਫੇਰੀ ਵਾਲਾ ਫਰਨੀਚਰ ਸ਼ਾਇਦ ਰਿਪੇਅਰ ਨਾ ਕੀਤਾ ਜਾ ਸਕੇ।

  ਸਾਰੇ ਦਰਵਾਜ਼ੇ, ਖਾਨੇ, ਸਲਾਈਡਜ਼ ਅਤੇ ਹੋਰ ਕੰਮ ਕਰਦੇ ਹਿੱਸੇ ਲਾਹ ਦਿਉ। ਫੁੱਲੇ ਹੋਏ ਦਰਵਾਜ਼ਿਆਂ ਅਤੇ ਖਾਨਿਆਂ ਨੂੰ ਜ਼ੋਰ ਨਾਲ ਨਾ ਖੋਲ੍ਹੋ। ਪਿਛਲਾ ਪਾਸਾ ਲਾਹੋ, ਜੇ ਲੋੜ ਹੋਵੇ ਤਾਂ ਇਸ ਨੂੰ ਕੱਟ ਦੇਵੋ ਅਤੇ ਖਾਨਿਆਂ ਨੂੰ ਬਾਹਰ ਧੱਕੋ। ਖਾਨਿਆਂ ਨੂੰ ਸਾਫ਼ ਕਰੋ ਅਤੇ ਇਨ੍ਹਾਂ ਨੂੰ ਹੌਲੀ ਹੌਲੀ ਸੁੱਕ ਲੈਣ ਦੇਣ ਲਈ ਹੀਟ ਤੋਂ ਪਰ੍ਹਾਂ ਰੱਖੋ। ਜੇ ਉੱਲੀ ਲੱਗ ਜਾਵੇ ਤਾਂ ਬੋਰਿਕ ਏਸਿਡ ਅਤੇ ਗਰਮ ਪਾਣੀ ਦੇ ਘੋਲ ਵਿਚ ਕੱਪੜਾ ਭਿਉਂ ਕੇ ਲੱਕੜੀ ਨੂੰ ਸਾਫ਼ ਕਰੋ। (ਮਾਤਰਾ ਲਈ ਪੈਕੇਜ ਦੇਖੋ)।

  ਜ਼ਿਆਦਾ ਸਿੱਲ ਦੇ ਸੰਪਰਕ ਵਿਚ ਆਏ ਫਰਨੀਚਰ ਤੋਂ ਚਿੱਟੇ ਦਾਗ ਜਾਂ ਰਹਿੰਦ-ਖੂੰਹਦ ਲਾਹੁਣ ਲਈ ਅਮੋਨੀਆ ਜਾਂ ਪੈਪਰਮਿੰਟ (ਪੁਦੀਨੇ) ਦੇ ਰਸ ਵਿਚ ਗਿੱਲੇ ਕੱਪੜੇ ਦੀ ਵਰਤੋਂ ਕਰੋ।

  ਗੱਦੀਆਂ ਵਾਲਾ ਫਰਨੀਚਰ, ਜੇ ਇਹ ਬਹੁਤ ਹੀ ਕੀਮਤੀ ਅਤੇ ਪੁਰਾਣੇ ਢੰਗ ਦਾ ਨਹੀਂ ਹੈ, ਸ਼ਾਇਦ ਬਚਾਉਣਾ ਫਾਇਦੇਮੰਦ ਨਹੀਂ ਹੈ। ਜੇ ਇਹ ਕੀਮਤੀ ਹੈ ਤਾਂ ਇਸ ਨੂੰ ਕਿਸੇ ਮਾਹਰ ਤੋਂ ਸਾਫ਼ ਅਤੇ ਰੋਗਾਣੂ-ਰਹਿਤ ਕਰਵਾਉ (ਯੈਲੋ ਪੇਜਿਜ਼ ਵਿਚ "ਐਂਟੀਕ ਰਿਪੇਅਰ ਐਂਡ ਰੈਸਟੋਰੇਸ਼ਨ" ਅਧੀਨ ਦੇਖੋ)।

- **ਰੱਗ ਅਤੇ ਕਾਰਪਟ:** ਸੂਅਜ਼ ਜਾਂ ਹੜ੍ਹ ਦੇ ਪਾਣੀ ਨਾਲ ਗੜੁੱਚ ਹੋਏ ਏਰੀਆ ਰੱਗ, ਕਾਰਪਟ ਅਤੇ ਪੈਡਿੰਗ ਸੁੱਟ ਦੇਣੇ ਚਾਹੀਦੇ ਹਨ। ਜਿਹੜੇ ਹੜ੍ਹ ਦੇ ਪਾਣੀ ਦੇ ਸੰਪਰਕ ਵਿਚ ਸਿਰਫ਼ ਥੋੜ੍ਹੇ ਸਮੇਂ ਲਈ ਹੀ ਆਏ ਹਨ, ਸ਼ਾਇਦ ਉਹ ਹੀ ਬਚਾਏ ਜਾ ਸਕਦੇ ਹਨ। ਕਿਸੇ ਸਫ਼ਾਈ ਮਾਹਰ ਨਾਲ ਸਲਾਹ ਕਰੋ।

- **ਮੈਟਰੈਸ ਅਤੇ ਬਿਸਤਰੇ:** ਹੜ੍ਹ ਦੇ ਪਾਣੀ ਨਾਲ ਗੜੁੱਚ ਹੋਏ ਮੈਟਰੈਸ, ਬਿਸਤਰੇ ਅਤੇ ਸਿਰ੍ਹਾਣੇ ਸੁੱਟ ਦਿਉ।

- **ਚਮੜੇ ਦੀਆਂ ਚੀਜ਼ਾਂ:** ਚਮੜੇ ਦੀਆਂ ਚੀਜ਼ਾਂ ਨੂੰ ਪ੍ਰੋਫੈਸ਼ਨਲ ਤਰੀਕੇ ਨਾਲ ਸਾਫ਼ ਕਰਵਾਉਣਾ ਚੰਗਾ ਹੈ। ਇਕ ਆਰਜ਼ੀ ਕਦਮ ਵਜੋਂ ਇਨ੍ਹਾਂ ਤੋਂ ਗਾਰਾ ਲਾਹ ਦਿਉ ਅਤੇ ਇਨ੍ਹਾਂ ਨੂੰ ਹੀਟ ਜਾਂ ਧੁੱਪ ਤੋਂ ਦੂਰ ਹੌਲੀ ਹੌਲੀ ਸੁੱਕਣ ਦਿਉ। ਸੂਟਕੇਸਾਂ, ਜੁੱਤੀਆਂ ਅਤੇ ਪਰਸਾਂ ਨੂੰ ਗਿੱਲੇ ਕੱਪੜੇ ਨਾਲ ਪੂੰਝੋ ਅਤੇ ਬਾਅਦ ਵਿਚ ਸੁੱਕੇ ਕੱਪੜੇ ਨਾਲ। ਪਰਸਾਂ ਅਤੇ ਜੁੱਤੀਆਂ ਦੀ ਸ਼ਕਲ ਕਾਇਮ ਰੱਖਣ ਲਈ ਇਨ੍ਹਾਂ ਵਿਚ ਅਖ਼ਬਾਰਾਂ ਤੁੰਨ ਦਿਉ। ਸੂਟਕੇਸਾਂ ਨੂੰ ਖੁੱਲ੍ਹੇ ਰੱਖੋ। ਜਦੋਂ ਚਮੜੇ ਦੀਆਂ ਚੀਜ਼ਾਂ ਸੁੱਕ ਜਾਣ ਤਾਂ ਇਨ੍ਹਾਂ ਨੂੰ ਸੈਡਲ ਸੋਪ (ਕਾਠੀਆਂ ਸਾਫ਼ ਕਰਨ ਵਾਲੇ ਸਾਬਣ) ਨਾਲ ਸਾਫ਼ ਕਰੋ।

- **ਜਿੰਦਰੇ ਅਤੇ ਕਬਜ਼ੇ:** ਜਿੰਦਰਿਆਂ ਨੂੰ, ਖਾਸ ਕਰਕੇ ਲੋਹੇ ਵਾਲਿਆਂ ਨੂੰ, ਖੋਲ੍ਹ ਕੇ ਮਿੱਟੀ ਦੇ ਤੇਲ ਨਾਲ ਸਾਫ਼ ਕੀਤਾ ਜਾਣਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਤੇਲ ਦਿੱਤਾ ਜਾਣਾ ਚਾਹੀਦਾ ਹੈ। ਜੇ ਜਿੰਦਰੇ ਲਾਹੇ ਨਾ ਜਾ ਸਕਦੇ ਹੋਣ ਤਾਂ ਢਿੰਬਰੀ ਰਾਹੀਂ ਜਾਂ ਕੁੰਜੀ ਪਾਉਣ ਵਾਲੀ ਮੋਰੀ ਰਾਹੀਂ ਮਸ਼ੀਨ ਆਇਲ ਦੀ ਪਿਚਕਾਰੀ ਮਾਰੋ ਅਤੇ ਮੁੱਠੇ ਨੂੰ ਘੁਮਾਉ ਤਾਂ ਜੋ ਤੇਲ ਅੰਦਰ ਚਲਾ ਜਾਵੇ। ਕਬਜ਼ਿਆਂ ਨੂੰ ਵੀ ਚੰਗੀ ਤਰ੍ਹਾਂ ਸਾਫ਼ ਕੀਤਾ ਜਾਣਾ ਚਾਹੀਦਾ ਹੈ ਅਤੇ ਤੇਲ ਦਿੱਤਾ ਜਾਣਾ ਚਾਹੀਦਾ ਹੈ।

- **ਕੱਪੜੇ:** ਆਪਣੀ ਕੱਪੜੇ ਧੋਣ ਵਾਲੀ ਮਸ਼ੀਨ ਉਦੋਂ ਤੱਕ ਨਾ ਵਰਤੋ ਜਦ ਤੱਕ ਤੁਹਾਨੂੰ ਇਹ ਪੱਕਾ ਨਹੀਂ ਹੋ ਜਾਂਦਾ ਹੈ ਕਿ ਪਾਣੀ ਸਾਫ਼ ਹੈ ਅਤੇ ਸੂਅਰ ਲਾਈਨ ਕੰਮ ਕਰ ਰਹੀ ਹੈ। ਕੱਪੜੇ ਧੋਣੇ ਸ਼ੁਰੂ ਕਰਨ ਤੋਂ ਪਹਿਲਾਂ, ਵਾਸ਼ਰ ਇਕ ਪੂਰਾ ਗੇੜਾ ਬਿਨਾਂ ਕੱਪੜਿਆਂ ਤੋਂ ਗਰਮ ਪਾਣੀ ਅਤੇ ਰੋਗਾਣੂ-ਨਾਸ਼ਕ ਘੋਲ ਨਾਲ ਚਲਾਉ। ਧੋਣ ਤੋਂ ਪਹਿਲਾਂ ਚਿੱਕੜ ਨੂੰ ਪਾਣੀ ਦੀ ਹੋਜ਼ ਨਾਲ ਧੋ ਦਿਉ ਜਾਂ ਲਾਹ ਦਿਉ। ਲਾਲ ਜਾਂ ਪੀਲੀ ਮਿੱਟੀ ਨਾਲ ਖਰਾਬ ਹੋਏ ਸੂਤੀ ਅਤੇ ਚਿੱਟੇ ਕੱਪੜਿਆਂ ਨੂੰ ਬੜੇ ਧਿਆਨ ਨਾਲ ਸਾਫ਼ ਕਰਨ ਦੀ ਲੋੜ ਹੁੰਦੀ ਹੈ। ਲੱਗੀ ਮਿੱਟੀ ਝਾੜੋ, ਪਾਣੀ ਵਿਚੋਂ ਕੱਢੋ ਅਤੇ ਫਿਰ ਕੋਸੇ, ਸਾਬਣ ਵਾਲੇ ਪਾਣੀ ਨਾਲ ਧੋਵੋ। ਜ਼ਿਆਦਾ ਗਰਮ ਪਾਣੀ ਨਾ ਵਰਤੋ ਨਹੀਂ ਤਾਂ ਦਾਗ ਪੈ ਜਾਣਗੇ। ਜੇ ਲੋੜ ਹੋਵੇ ਤਾਂ ਕਈ ਵਾਰੀ ਧੋਵੋ।

  ਉੱਲੀ ਦੇ ਦਾਗ ਲਾਹੁਣ ਲਈ, ਦਾਗ ਨੂੰ ਸਾਬਣ ਅਤੇ ਪਾਣੀ ਨਾਲ ਧੋਵੋ। ਚੰਗੀ ਤਰ੍ਹਾਂ ਪਾਣੀ ਵਿਚੋਂ ਕੱਢੋ ਅਤੇ ਸੁਕਾਉ। ਜੇ ਦਾਗ ਨਹੀਂ ਲੱਥਦਾ ਤਾਂ ਕੱਪੜੇ ਨੂੰ, ਘਰ ਵਿਚ ਵਰਤੀ ਜਾਣ ਵਾਲੀ, 125 ਐੱਮ ਐੱਲ (ਅੱਧਾ ਕੱਪ) ਕਲੋਰੀਨ ਬਲੀਚ ਅਤੇ 3 ਲੀਟਰ (3 ਕੁਆਰਟਸ) ਕੋਸੇ ਪਾਣੀ ਦੇ ਘੋਲ ਵਿਚ ਭਿਉਂ ਦਿਉ। ਕਲੋਰੀਨ ਦੀ ਵਰਤੋਂ ਕਦੇ ਵੀ ਵੂਲ ਜਾਂ ਸਿੱਲਕ ਉੱਪਰ ਨਾ ਕਰੋ – ਇਹ ਉਨ੍ਹਾਂ ਨੂੰ ਖੋਰ ਦੇਵੇਗੀ। ਇਸ ਦੀ ਬਜਾਏ, ਪਾਈਨ ਆਇਲ ਡਿਸਇਨਫੈਕਟੈਂਟ ਵਰਤੋ ਜਾਂ ਦਾਗ ਉੱਪਰ ਲੂਣ ਛਿੜਕੋ ਅਤੇ ਫਿਰ ਉਸ ਉੱਪਰ ਨਿੰਬੂ ਦਾ ਰਸ ਨਿਚੋੜੋ।

  ਕੱਪੜਿਆਂ ਦੀ ਸਫ਼ਾਈ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਵੇ ਤਾਂ ਕਿਸੇ ਪ੍ਰੋਫੈਸ਼ਨਲ ਕਲੀਨਿੰਗ ਸਰਵਿਸ ਨਾਲ ਸੰਪਰਕ ਕਰੋ (ਯੈਲੋ ਪੇਜਿਜ਼ ਵਿਚ "ਕਲੀਨਰਜ਼" ਹੇਠ ਦੇਖੋ)।

- **ਖਾਣਾ ਬਣਾਉਣ ਵਾਲੇ ਭਾਂਡੇ:** ਬਰਤਨਾਂ ਅਤੇ ਭਾਂਡਿਆਂ ਨੂੰ ਧੋਵੋ ਅਤੇ ਰੋਗਾਣੂ-ਰਹਿਤ ਕਰੋ। ਘੱਟੋ ਘੱਟ ਦੋ ਮਿੰਟਾਂ ਲਈ ਉਬਲਦੇ ਪਾਣੀ ਵਿਚ ਡਬੋਵੋ, ਜਾਂ ਇਕ ਹਿੱਸਾ ਕਲੋਰੀਨ ਬਲੀਚ ਅਤੇ ਚਾਰ ਹਿੱਸੇ ਪਾਣੀ ਦਾ ਰੋਗਾਣੂ-ਰਹਿਤ ਕਰਨ ਵਾਲਾ ਘੋਲ ਵਰਤੋ; ਫਿਰ ਜੇ ਤੁਹਾਨੂੰ ਪੱਕਾ ਪਤਾ ਹੈ ਕਿ ਘਰ ਦਾ ਪਾਣੀ ਸਾਫ਼ ਹੈ, ਤਾਂ ਬਰਤਨਾਂ ਅਤੇ ਭਾਂਡਿਆਂ ਨੂੰ ਚੰਗੀ ਤਰ੍ਹਾਂ ਪਾਣੀ ਵਿਚੋਂ ਕੱਢੋ। ਫਿਰ ਇਨ੍ਹਾਂ ਨੂੰ ਹਵਾ ਲੱਗ ਕੇ ਸੁੱਕਣ ਦਿਉ।

ਡਿਸ਼ਵਾਸ਼ਰ (ਭਾਂਡੇ ਧੋਣ ਵਾਲੀ ਮਸ਼ੀਨ) ਦੀ ਵਰਤੋਂ ਕਰਨ ਤੋਂ ਪਹਿਲਾਂ, ਅਜਿਹੇ ਪਾਣੀ ਨਾਲ ਇਸ ਨੂੰ ਸਾਫ਼ ਅਤੇ ਰੋਗਾਣੂ-ਰਹਿਤ ਕਰੋ ਜਿਸ ਬਾਰੇ ਇਹ ਪੱਕਾ ਦੱਸਿਆ ਗਿਆ ਹੋਵੇ ਕਿ ਪੀਣ ਲਈ ਸੁਰੱਖਿਅਤ ਹੈ। ਕੜਾਹੀਆਂ, ਪਤੀਲਿਆਂ, ਬਰਤਨਾਂ ਅਤੇ ਭਾਂਡਿਆਂ ਨੂੰ ਧੋਣ ਲਈ ਗਰਮ ਪਾਣੀ 'ਤੇ ਮਸ਼ੀਨ ਚਲਾਉ। ਜੇ ਤੁਹਾਡੇ ਕੋਲ ਬਿਜਲੀ ਬਚਾਉਣ ਵਾਲੀ ਸੈਟਿੰਗ ਹੈ ਤਾਂ ਇਸ ਦੀ ਵਰਤੋਂ ਨਾ ਕਰੋ।

- **ਕਿਤਾਬਾਂ, ਫੋਟੋਆਂ ਅਤੇ ਪੇਪਰ:** ਕਿਤਾਬਾਂ ਹੌਲੀ ਹੌਲੀ, ਧਿਆਨ ਨਾਲ ਸੁਕਾ ਕੇ ਬਚਾਈਆਂ ਜਾ ਸਕਦੀਆਂ ਹਨ। ਇਨ੍ਹਾਂ ਨੂੰ ਨਿਚੋੜੋ ਨਾ। ਖੋਲ੍ਹ ਕੇ, ਪੱਖੇ ਦੀ ਹਵਾ ਲਵਾ ਕੇ ਸੁਕਾਉ, ਜਾਂ ਫਰੀਜ਼ ਕਰੋ (ਹੇਠਾਂ ਦੇਖੋ)। ਤੁਸੀਂ ਰੀਸਟੋਰਰ ਨਾਲ (ਯੈਲੋ ਪੇਜਿਜ਼ ਵਿਚ "ਫੋਟੋਗ੍ਰਾਫਰਜ਼" ਥੱਲੇ ਦਰਜ ਹੈ) ਜਾਂ ਕੰਜ਼ਰਵੇਟਰ (ਸੰਪਰਕ ਕਰਨ ਬਾਰੇ ਜਾਣਕਾਰੀ ਅੱਗੇ ਦਿੱਤੀ ਗਈ ਹੈ) ਨਾਲ ਵੀ ਸਲਾਹ ਕਰਨਾ ਚਾਹੁੰਦੇ ਹੋ ਸਕਦੇ ਹੋ।

  ਕੰਪਿਊਟਰ ਵਿਚਲੇ ਤਬਾਹ ਹੋਏ ਰਿਕਾਰਡ ਨੂੰ ਵਾਪਸ ਲਿਆਉਣ ਲਈ, ਕੰਪਿਊਟਰ ਡਿਸਕਾਂ ਨੂੰ ਸਾਫ਼ ਪਾਣੀ ਨਾਲ ਧੋਵੋ ਅਤੇ ਪਲਾਸਟਿਕ ਬੈਗ ਵਿਚ ਫਰਿਜ ਵਿਚ ਰੱਖੋ। ਬਾਅਦ ਵਿਚ, ਰਿਕਾਰਡ ਵਾਪਸ ਲਿਆਉਣ ਲਈ ਇਨ੍ਹਾਂ ਨੂੰ ਰੀਸਟੋਰੇਸ਼ਨ ਸਪੈਸ਼ਲਿਸਟ ਕੋਲ ਭੇਜੋ (ਯੈਲੋ ਪੇਜਿਜ਼ ਵਿਚ "ਕੰਪਿਊਟਰ ਸਰਵਿਸ, ਰਿਪੇਅਰ ਐਂਡ ਕਲੀਨਿੰਗ" ਹੇਠ ਦਰਜ ਹੈ)।

  ਬਹੁਤੀਆਂ ਸਮਕਾਲੀ ਫੋਟੋਆਂ, ਨੈਗਟਿਵ ਅਤੇ ਸਲਾਈਡਾਂ ਸਿੱਧਾ ਪਾਸਾ ਉਪਰ ਕਰਕੇ ਹਵਾ ਨਾਲ ਸੁਕਾਈਆਂ ਜਾ ਸਕਦੀਆਂ ਹਨ। ਜੇ ਫੋਟੋਆਂ ਜੜੀਆਂ ਹੋਈਆਂ ਜਾਂ ਪਲਾਸਟਿਕ ਚਾੜ੍ਹੀ ਹੋਈ ਹੈ ਤਾਂ ਇਨ੍ਹਾਂ ਨੂੰ ਬਾਹਰ ਕੱਢ ਲਵੋ। ਜੇ ਇਹ ਜੁੜ ਗਈਆਂ ਹਨ ਤਾਂ ਇਨ੍ਹਾਂ ਨੂੰ ਜ਼ੋਰ ਲਾ ਕੇ ਅਲੱਗ ਨਾ ਕਰੋ। ਜੇ ਉਹ ਫਰੀਜ਼ ਹੋ ਗਈਆਂ ਹਨ ਤਾਂ ਇਨ੍ਹਾਂ ਨੂੰ ਨਰਮ ਹੋਣ ਦਿਉ ਅਤੇ ਫਿਰ ਹਵਾ ਨਾਲ ਸੁਕਾਉ।

  ਜ਼ਰੂਰੀ ਪੇਪਰਾਂ ਨੂੰ ਬਚਾਉਣ ਲਈ, ਇਨ੍ਹਾਂ ਨੂੰ ਤੇਜ਼ੀ ਨਾਲ ਫਰੀਜ਼ ਕਰ ਦਿਉ (ਯੈਲੋ ਪੇਜਿਜ਼ ਵਿਚ "ਵੇਅਰਹਾਊਸਿਜ਼-ਕੋਲਡ ਸਟੋਰੇਜ਼" ਹੇਠ ਦੇਖੋ।) ਫਿਰ ਬਾਅਦ ਵਿਚ ਇਨ੍ਹਾਂ ਨੂੰ ਨਰਮ ਹੋਣ ਦਿਉ ਅਤੇ ਹਰ ਇਕ ਸਫ਼ੇ ਨੂੰ ਨਰਮ ਹੋਣ 'ਤੇ ਚੱਕੀ ਜਾਉ।

  ਕੀਮਤੀ ਪੇਪਰਾਂ ਅਤੇ ਰਿਕਾਰਡ ਦੇ ਸੁੱਕ ਜਾਣ ਤੋਂ ਬਾਅਦ, ਇਨ੍ਹਾਂ ਦੀ ਫੋਟੋਕਾਪੀ ਕਰ ਲਉ ਕਿਉਂਕਿ ਹੜ੍ਹ ਦੇ ਪਾਣੀ ਵਿਚਲੇ ਤੱਤਾਂ ਕਾਰਨ ਇਹ ਹੋਰ ਖਰਾਬ ਹੋ ਸਕਦੇ ਹਨ।

  ਹੜ੍ਹ ਨਾਲ ਖਰਾਬ ਹੋਈਆਂ ਕਿਤਾਬਾਂ, ਫੋਟੋਆਂ ਜਾਂ ਪੇਟਿੰਗਜ਼ ਨੂੰ ਬਚਾਉਣ ਬਾਰੇ ਸਲਾਹ ਲੈਣ ਲਈ Canadian Conservation Institute, 1030 Innes Road, Ottawa, Ontario K1A 0M5. ਟੈਲੀਫੋਨ: (613) 998-3721 'ਤੇ ਸੰਪਰਕ ਕਰੋ।

- **ਅਪਲਾਇੰਸ:** ਓਨਾ ਚਿਰ ਬਿਜਲੀ ਨਾਲ ਚੱਲਣ ਵਾਲੇ ਅਪਲਾਇੰਸ, ਹੀਟਿੰਗ ਦੇ ਉਪਕਰਨ ਜਾਂ ਕੋਈ ਹੋਰ ਯੰਤਰ ਨਾ ਚਲਾਉ ਜਦ ਤੱਕ ਇਹ ਚੰਗੀ ਤਰ੍ਹਾਂ ਸਾਫ ਨਹੀਂ ਹੋ ਜਾਂਦੇ, ਸੁੱਕ ਨਹੀਂ ਜਾਂਦੇ ਅਤੇ ਯੋਗਤਾਪ੍ਰਾਪਤ ਟੈਕਨੀਸ਼ਨ ਵਲੋਂ ਚੈੱਕ ਨਹੀਂ ਕਰ ਲਏ ਜਾਂਦੇ। ਮੋਟਰਾਂ ਦੀ ਵਾਈਡਿੰਗ ਪੂਰੀ ਤਰ੍ਹਾਂ ਸੁੱਕੀ ਹੋਣੀ ਜ਼ਰੂਰੀ ਹੈ, ਅਤੇ ਮੋਟਰ ਦੇ ਹੋਰ ਹਿੱਸੇ ਵਰਤਣ ਤੋਂ ਪਹਿਲਾਂ ਸਾਫ਼ ਕੀਤੇ ਜਾਣ ਚਾਹੀਦੇ ਹਨ। ਬਹੁਤੇ ਨਵੇਂ ਅਪਲਾਇੰਸਾਂ ਜਾਂ ਗਰਮ ਪਾਣੀ ਦੇ ਟੈਂਕਾਂ ਦੀ ਇਨਸੂਲੇਸ਼ਨ ਤੁਸੀਂ ਬਦਲ ਨਹੀਂ ਸਕਦੇ ਪਰ ਜੇ ਤੁਸੀਂ ਬਦਲਣ ਦਾ ਫੈਸਲਾ ਕਰੋ ਤਾਂ ਇਹ ਸ਼ਾਇਦ ਫਾਇਦੇਮੰਦ ਹੋਵੇ। ਕਿਸੇ ਤਜਰਬੇਕਾਰ ਸਰਵਿਸ ਪਰਸਨ ਤੋਂ ਇਨਸੂਲੇਟਿਡ ਅਪਲਾਇੰਸਾਂ ਵਿਚਲੀ ਗਿੱਲੀ ਇਨਸੂਲੇਸ਼ਨ ਬਦਲਾਉ ਜਿਵੇਂ ਕਿ ਫਰਿੱਜਾਂ, ਫਰੀਜ਼ਰਾਂ, ਭਾਂਡੇ ਧੋਣ ਵਾਲੀਆਂ ਮਸ਼ੀਨਾਂ ਅਤੇ ਮਾਈਕਰੋਵੇਵਾਂ ਦੀ ਇਨਸੂਲੇਸ਼ਨ। ਖਾਣਾ ਤਿਆਰ ਕਰਨ ਲਈ ਵਰਤੇ ਜਾਂਦੇ ਅਪਲਾਇੰਸਾਂ ਨੂੰ ਚੰਗੀ ਤਰ੍ਹਾਂ ਸਾਫ਼ ਅਤੇ ਰੋਗਾਣੂ-ਰਹਿਤ ਕਰੋ ਜਿਵੇਂ ਕਿ ਟੋਸਟਰ, ਫੂਡ ਪ੍ਰੋਸੈੱਸਰ ਅਤੇ ਕੇਤਲੀਆਂ।

- **ਫਰਿੱਜਾਂ ਅਤੇ ਫਰੀਜ਼ਰ:** ਆਪਣੀ ਫਰਿਜ ਜਾਂ ਫਰੀਜ਼ਰ ਵਿੱਚੋਂ ਆਉਂਦਾ ਮੁਸ਼ਕ ਹਟਾਉਣ ਲਈ, ਇਨ੍ਹਾਂ ਦਾ ਅੰਦਰਲਾ ਪਾਸਾ ਬੇਕਿੰਗ ਸੋਡੇ ਅਤੇ ਪਾਣੀ ਨਾਲ ਧੋਵੋ, ਜਾਂ 250 ਐਮ ਐੱਲ (1 ਕੱਪ) ਸਿਰਕੇ ਜਾਂ ਘਰੇਲੂ ਵਰਤੋਂ ਵਾਲੇ ਅਮੋਨੀਆ ਨੂੰ 4 ਲੀਟਰ (1 ਗੈਲਨ) ਪਾਣੀ ਵਿਚ ਮਿਲਾ ਕੇ ਇਸ ਨਾਲ ਧੋਵੋ। ਬੇਕਿੰਗ ਸੋਡੇ ਦਾ ਡੱਬਾ ਖੋਲ੍ਹ ਕੇ ਜਾਂ ਇੱਕ ਕੋਲ੍ਹੇ ਦਾ ਟੁਕੜਾ ਅੰਦਰ ਰੱਖੋ, ਇਹ ਮੁਸ਼ਕ ਨੂੰ ਆਪਣੇ ਅੰਦਰ ਸੋਖ ਲੈਂਦੇ ਹਨ।

**ਚਿਤਾਵਨੀ:** ਫਰਿਜ ਜਾਂ ਫਰੀਜ਼ਰ ਨੂੰ ਸਾਫ਼ ਕਰਨ ਵੇਲੇ ਜਾਂ ਸੁੱਟਣ ਵੇਲੇ ਇਹ ਪੱਕਾ ਕਰੋ ਕਿ ਇਸ ਦੇ ਦਰਵਾਜ਼ੇ ਜਾਂ ਲੌਕ ਕੱਢ ਲਏ ਗਏ ਹਨ ਜਾਂ ਸੁਰੱਖਿਅਤ ਤਰੀਕੇ ਨਾਲ ਬੰਦ ਕਰ ਦਿੱਤੇ ਗਏ ਹਨ ਤਾਂ ਜੋ ਕਿਸੇ ਬੱਚੇ ਦੇ ਅੰਦਰ ਵੜ ਕੇ ਫੱਸ ਜਾਣ ਤੋਂ ਰੋਕਥਾਮ ਕੀਤੀ ਜਾ ਸਕੇ।

- **ਯਾਰਡ:** ਆਪਣੇ ਘਰ ਵਿੱਚੋਂ ਚੀਜ਼ਾਂ ਸੁੱਟਣ ਵੇਲੇ, ਆਪਣੀ ਯਾਰਡ ਨੂੰ ਮਲਬੇ ਵਾਲੀ ਥਾਂ ਬਣਾਉਣ ਤੋਂ ਪਰਹੇਜ਼ ਕਰੋ। ਜਿਨ੍ਹਾਂ ਚੀਜ਼ਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਦਾ ਰਿਕਾਰਡ ਲਿਖ ਲਵੋ ਅਤੇ ਇਹ ਪਤਾ ਲਗਾਉ ਕਿ ਕਿਹੜੀਆਂ ਤੁਹਾਨੂੰ ਇਨਸ਼ੋਰੈਂਸ ਅਡਜਸਟਰ ਲਈ ਰੱਖਣ ਦੀ ਲੋੜ ਹੈ। ਜੇ ਕਿਸੇ ਖਾਸ, ਵੱਡੇ ਮਲਬੇ ਨੂੰ ਸੁੱਟਣ ਬਾਰੇ ਕੋਈ ਫਿਕਰ ਹੋਵੇ ਤਾਂ ਆਪਣੇ ਸਥਾਨਕ ਅਧਿਕਾਰੀਆਂ ਨਾਲ ਸੰਪਰਕ ਕਰੋ।

- **ਖਤਰਨਾਕ ਸਮੱਗਰੀ:** ਖਤਰਨਾਕ ਸਮੱਗਰੀ, ਜਿਵੇਂ ਕਿ ਘੋਲਕ, ਬਗੀਚੇ ਵਿਚ ਵਰਤੇ ਜਾਣ ਵਾਲੇ ਕੈਮੀਕਲ ਅਤੇ ਘਰ ਵਿਚ ਸਫ਼ਾਈ ਲਈ ਵਰਤੀਆਂ ਜਾਂਦੀਆਂ ਵਸਤਾਂ, ਜੋ ਕਿ ਪਾਣੀ ਵਿਚ ਭਿੱਜ ਗਈ ਹੈ ਜਾਂ ਪਾਣੀ ਨਾਲ ਹੋਏ ਨੁਕਸਾਨ ਦੀਆਂ ਨਿਸ਼ਾਨੀਆਂ ਦਿਖਾਈ ਦਿੰਦੀਆਂ ਹਨ, ਸੁੱਟ ਦੇਵੋ। ਖਤਰਨਾਕ ਸਮੱਗਰੀ ਨੂੰ ਸਹੀ ਤਰ੍ਹਾਂ ਕਿਵੇਂ ਸੁੱਟਣਾ ਹੈ, ਇਹ ਪਤਾ ਲਾਉਣ ਲਈ ਆਪਣੀ ਸਥਾਨਕ ਹੈਲਥ ਅਥਾਰਟੀ ਜਾਂ ਸੂਬੇ ਦੇ ਢੁਕਵੇਂ ਮਹਿਕਮੇ ਨਾਲ ਸੰਪਰਕ ਕਰੋ। ਖਤਰਨਾਕ ਸਮੱਗਰੀ ਨੂੰ ਹੱਥ ਲਾਉਣ ਵੇਲੇ ਰਬੜ ਦੇ ਦਸਤਾਨੇ, ਐਨਕਾਂ ਅਤੇ ਬਚਾਉ ਕਰਨ ਵਾਲੇ ਕੱਪੜੇ ਪਹਿਨੋ।

- **ਲਾਨ:** ਲਾਨ ਆਮ ਤੌਰ 'ਤੇ ਚਾਰ ਦਿਨ ਤੱਕ ਪਾਣੀ ਹੇਠ ਰਹਿ ਕੇ ਵੀ ਬਚ ਜਾਂਦੇ ਹਨ। ਜੇ ਲਾਨ 2.5 ਸੈਂਟੀਮੀਟਰ (1 ਇੰਚ) ਨਾਲੋਂ ਜ਼ਿਆਦਾ ਚਿੱਕੜ ਦੀ ਤਹਿ ਵਿਚ ਢਕਿਆ ਰਿਹਾ ਹੈ ਜਾਂ ਜੇ ਮਿੱਟੀ ਰੁੜ੍ਹ ਗਈ ਹੈ ਤਾਂ ਤੁਹਾਨੂੰ ਲਾਨ ਨੂੰ ਬਦਲਣ ਦੀ ਲੋੜ ਵੀ ਪੈ ਸਕਦੀ ਹੈ।

- **ਕੀੜਿਆਂ ਮਕੌੜਿਆਂ 'ਤੇ ਕੰਟਰੋਲ:** ਹੜ੍ਹ ਮੱਛਰਾਂ ਦੇ ਵਧਣ ਲਈ ਆਦਰਸ਼ ਹਾਲਾਤ ਪੈਦਾ ਕਰ ਸਕਦੇ ਹਨ। ਇਹ ਸਮੱਸਿਆ ਘਟਾਉਣ ਲਈ, ਖੜ੍ਹੇ ਪਾਣੀ ਨੂੰ ਕੱਢ ਦੇਵੋ, ਨਾਲੀਆਂ ਨੂੰ ਸਾਫ਼ ਕਰੋ, ਬੈਰਲਾਂ, ਪੁਰਾਣੇ ਟਾਇਰਾਂ ਅਤੇ ਕੈਨਾਂ ਨੂੰ ਖਾਲੀ ਕਰੋ, ਅਤੇ ਇਹ ਪੱਕਾ ਕਰੋ ਕਿ ਗਟਰ ਅਤੇ ਪਰਨਾਲੇ ਸਾਫ਼ ਹਨ ਅਤੇ ਇਨ੍ਹਾਂ ਵਿਚ ਦੀ ਪਾਣੀ ਸਹੀ ਤਰ੍ਹਾਂ ਜਾ ਰਿਹਾ ਹੈ।

## ਉੱਲੀ

ਮੋਲਡਜ਼ ਉੱਲੀ ਦੀ ਇਕ ਕਿਸਮ ਹੈ ਜੋ ਕਿ ਗਰਮ, ਸਿੱਲ੍ਹੀਆਂ ਹਾਲਤਾਂ ਵਿਚ ਤੇਜ਼ੀ ਨਾਲ ਵਧਦੀ ਹੈ। ਉੱਲੀ ਅਲਰਜੀ ਅਤੇ ਦਮੇ ਨੂੰ ਵਿਗਾੜ ਸਕਦੀ ਹੈ ਅਤੇ ਸਿਹਤ ਨਾਲ ਸੰਬੰਧਿਤ ਹੋਰ ਗੰਭੀਰ ਸਮੱਸਿਆਵਾਂ ਖੜ੍ਹੀ ਕਰ ਸਕਦੀ ਹੈ। ਉੱਲੀਆਂ ਤੋਂ ਛੁਟਕਾਰਾ ਪਾਉਣ ਲਈ ਛੇਤੀ ਅਤੇ ਦ੍ਰਿੜ੍ਹਤਾ ਨਾਲ ਕਾਰਵਾਈ ਕਰੋ। ਭੇਦ ਇਹ ਹੈ ਕਿ ਜਿੰਨਾ ਵੀ ਛੇਤੀ ਹੋ ਸਕੇ ਸਾਰੀਆਂ ਥਾਂਵਾਂ ਨੂੰ ਸਾਫ਼ ਕਰੋ ਅਤੇ ਸੁਕਾਉ। ਉੱਲੀ ਵਾਲੀਆਂ ਥਾਂਵਾਂ ਨੂੰ, ਇਕ ਹਿੱਸਾ ਤਰਲ ਕਲੋਰੀਨ ਬਲੀਚ ਅਤੇ ਚਾਰ ਹਿੱਸੇ ਪਾਣੀ ਵਾਲੇ ਘੋਲ ਨਾਲ ਸਾਫ਼ ਕਰੋ ਅਤੇ ਚੰਗੀ ਤਰ੍ਹਾਂ ਸੁਕਾਉ।

ਸਫ਼ਾਈ ਕਰਨ ਵੇਲੇ ਰਬੜ ਦੇ ਦਸਤਾਨੇ ਅਤੇ ਮੂੰਹ 'ਤੇ ਮਾਸਕ ਪਾ ਕੇ ਆਪਣੀ ਹਿਫਾਜ਼ਤ ਕਰੋ, ਅਤੇ ਬਾਅਦ ਵਿਚ ਆਪਣੇ ਹੱਥ ਸਾਬਣ ਅਤੇ ਗਰਮ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ।

# ਕਦਮ ਸੱਤ: ਸਫ਼ਾਈ ਕਰਨਾ – ਅੱਗ ਲੱਗਣ ਤੋਂ ਬਾਅਦ

**ਜੇ ਤੁਹਾਡੇ ਕੋਲ ਇਨਸ਼ੋਰੈਂਸ ਹੈ ਤਾਂ ਆਪਣੀ ਇਨਸ਼ੋਰੈਂਸ ਕੰਪਨੀ ਨਾਲ ਸੰਪਰਕ ਕਰੋ।** ਤੁਹਾਡੀ ਪਾਲਸੀ, ਅੱਗ ਤੋਂ ਬਾਅਦ ਤੁਹਾਡੇ ਘਰ ਦੀ ਸਫ਼ਾਈ ਕਿਸੇ ਮਾਹਰ ਕੰਪਨੀ ਤੋਂ ਕਰਵਾਉਣ ਨੂੰ ਕਵਰ ਕਰਦੀ ਹੋ ਸਕਦੀ ਹੈ। ਆਪਣੀਆਂ ਸੜੀਆਂ ਚੀਜ਼ਾਂ ਦੀ ਜਾਂਚ ਕਰਨ ਵੇਲੇ, ਖਰਾਬ ਹੋਏ ਫਰਨੀਚਰ, ਅਪਲਾਇੰਸਾਂ, ਕਿਤਾਬਾਂ ਆਦਿ ਨੂੰ ਇਨਸ਼ੋਰੈਂਸ ਦੇ ਮੰਤਵਾਂ ਲਈ ਸਾਂਭ ਲਵੋ। ਤੁਸੀਂ ਇਨ੍ਹਾਂ ਚੀਜ਼ਾਂ ਨੂੰ ਆਰਜ਼ੀ ਸਮੇਂ ਲਈ ਬਾਹਰਲੀ ਸ਼ੈੱਡ ਵਿਚ ਰੱਖ ਸਕਦੇ ਹੋ।

**ਰੱਖੀਏ ਜਾਂ ਸੁੱਟੀਏ?** ਘਰੇਲੂ ਚੀਜ਼ਾਂ ਵਿੱਚੋਂ ਧੂੰਏਂ ਦਾ ਮੁਸ਼ਕ, ਕਾਲਖ ਅਤੇ ਦਾਗ ਹਟਾਉਣ ਲਈ ਇਨ੍ਹਾਂ ਦੀ ਅਕਸਰ ਕਈ ਵਾਰੀ ਸਫ਼ਾਈ ਕਰਨੀ ਪੈਂਦੀ ਹੈ, ਅਤੇ ਕਈ ਚੀਜ਼ਾਂ ਸ਼ਾਇਦ ਕਦੀ ਵੀ ਸਾਫ਼ ਨਾ ਹੋਣ ਜਾਂ ਸ਼ਾਇਦ ਇਨ੍ਹਾਂ ਵਿੱਚੋਂ ਧੂੰਏਂ ਦਾ ਮੁਸ਼ਕ ਕਦੀ ਵੀ ਨਾ ਜਾਵੇ। ਇਸ ਨਾਲ ਅੱਗ ਦੀ ਖਰਾਬੀ ਦੇ ਕਿਸੇ ਮਾਹਰ ਤੋਂ ਇਹ ਪਤਾ ਲਾਉਣ ਲਈ ਤੁਹਾਡਾ ਬਹੁਤ ਸਾਰਾ ਸਮਾਂ ਬਚੇਗਾ ਕਿ ਕਿਹੜੀ ਚੀਜ਼ ਬਚਾਉਣ ਦਾ ਫਾਇਦਾ ਹੈ ਅਤੇ ਕਿਹੜੀ ਨਹੀਂ।

## ਚਿਤਾਵਨੀ:

- ਸਫ਼ਾਈ ਕਰਨ ਵਾਲਾ ਬਹੁਤ ਸਾਰਾ ਸਮਾਨ ਖਤਰਨਾਕ ਹੁੰਦਾ ਹੈ। ਇਨ੍ਹਾਂ ਦੀ ਵਰਤੋਂ ਕਰਨ ਵੇਲੇ ਰਬੜ ਦੇ ਦਸਤਾਨੇ ਪਾਉ ਅਤੇ ਐਨਕਾਂ ਲਾਉ, ਬੱਚਿਆਂ ਅਤੇ ਜਾਨਵਰਾਂ ਨੂੰ ਦੂਰ ਰੱਖੋ, ਅਤੇ ਸਫ਼ਾਈ ਕਰਨ ਵਾਲੇ ਸਮਾਨ ਨੂੰ ਲਪਟਾਂ ਤੋਂ ਦੂਰ ਰੱਖੋ। ਇਹ ਪੱਕਾ ਕਰੋ ਕਿ ਹਵਾਦਾਰੀ ਦਾ ਸਹੀ ਪ੍ਰਬੰਧ ਹੈ।
- ਅਮੋਨੀਆ ਨੂੰ ਬਲੀਚ ਜਾਂ ਸਫ਼ਾਈ ਕਰਨ ਵਾਲੀ ਕਿਸੇ ਹੋਰ ਚੀਜ਼ ਨਾਲ ਨਾ ਮਿਲਾਉ।

**ਜੇ ਤੁਸੀਂ ਸਫ਼ਾਈ ਆਪ ਕਰ ਰਹੇ ਹੋ ਤਾਂ ਸਫ਼ਾਈ ਕਰਨ ਅਤੇ ਚੀਜ਼ਾਂ ਬਚਾਉਣ ਲਈ ਕੁਝ ਸੁਝਾਅ ਇਹ ਹਨ:**

- **ਧੂੰਆਂ, ਮੁਸ਼ਕ ਅਤੇ ਕਾਲਖ:** ਧੂੰਏਂ ਦਾ ਮੁਸ਼ਕ ਲੰਮਾ ਸਮਾਂ ਰਹਿ ਸਕਦਾ ਹੈ। ਤੁਹਾਨੂੰ ਘਰ ਦੀ ਹਰ ਚੀਜ਼ ਕਈ ਵਾਰੀ ਸਾਫ਼ ਕਰਨ ਦੀ ਲੋੜ ਪੈ ਸਕਦੀ ਹੈ। ਮੁਸ਼ਕ ਨੂੰ ਜਜ਼ਬ ਕਰਨ ਲਈ ਪਲੇਟਾਂ ਵਿਚ ਸਿਰਕਾ, ਵਾਨੀਲਾ ਜਾਂ ਐਕਟੀਵੇਟ ਕੀਤਾ ਹੋਇਆ ਕੋਲਾ ਪਾ ਕੇ ਘਰ ਵਿਚ ਕਈ ਥਾਂਈਂ ਰੱਖ ਕੇ ਦੇਖੋ। ਸਟੋਰਾਂ ਤੋਂ ਕਮਰਸ਼ੀਅਲ ਵਸਤਾਂ ਵੀ ਮਿਲਦੀਆਂ ਹਨ। ਜੇ ਤੁਸੀਂ ਧੂੰਏਂ ਦੇ ਮੁਸ਼ਕ ਨੂੰ ਖਤਮ ਨਾ ਕਰ ਸਕੋ ਤਾਂ ਕਿਸੇ ਮਾਹਰ ਨਾਲ ਸੰਪਰਕ ਕਰੋ (ਯੈਲੋ ਪੇਜਿਜ਼ ਵਿਚ "ਫਾਇਰ ਐਂਡ ਵਾਟਰ ਡੈਮੇਜ ਰੈੱਸਟੋਰੇਸ਼ਨ" ਹੇਠ ਦੇਖੋ।)
- **ਘਰ ਦੀ ਸਮੁੱਚੀ ਸਫ਼ਾਈ:** ਗਿੱਲੇ ਅਤੇ ਸੁੱਕੇ ਵਿਚ ਚੱਲਣ ਵਾਲੇ ਵੈਕਿਊਮ ਨਾਲ ਸਾਰੇ ਪਾਸੇ ਵੈਕਿਊਮ ਫੇਰੋ। ਹੀਟਿੰਗ ਅਤੇ ਏਅਰ ਕੰਡੀਸ਼ਨਿੰਗ ਦੇ ਸਾਰੇ ਫਿਲਟਰ ਬਦਲੋ ਅਤੇ ਸਾਫ਼ ਕਰੋ। ਹੀਟਿੰਗ ਦੇ ਝਰਨਿਆਂ ਨੂੰ ਕਿਸੇ ਪ੍ਰੋਫੈਸ਼ਨਲ ਫਰਨਿਸ ਕਲੀਨਿੰਗ ਕੰਪਨੀ ਤੋਂ ਸਾਫ਼ ਕਰਵਾਉ (ਯੈਲੋ ਪੇਜਿਜ਼ ਵਿਚ "ਫਰਨਿਸਜ਼ - ਕਲੀਨਿੰਗ" ਥੱਲੇ ਦਰਜ ਹਨ)। ਜਿਸ ਕਮਰੇ ਵਿਚ ਤੁਸੀਂ ਕੰਮ ਕਰੋ ਉਸ ਨੂੰ ਪਲਾਸਟਿਕ ਦੀ ਸ਼ੀਟ ਨਾਲ ਸੀਲ ਕਰ ਦਿਉ ਤਾਂ ਜੋ ਕਾਲਖ ਘਰ ਦੇ ਹੋਰ ਹਿੱਸੇ ਵਿਚ ਨਾ ਜਾਵੇ।
- **ਕੰਧਾਂ ਅਤੇ ਕੰਧਾਂ ਉਪਰਲਾ ਪੇਪਰ:**
  - **ਰੋਗਨ ਵਾਲੀਆਂ ਕੰਧਾਂ:** ਕਾਲਖ ਅਤੇ ਧੂੰਏਂ ਨੂੰ ਲਾਹੁਣ ਲਈ, 60-90 ਐੱਮ ਐੱਲ (4 ਤੋਂ 6 ਵੱਡੇ ਚਮਚੇ) ਟ੍ਰਾਇ-ਸੋਡੀਅਮ ਫਾਸਫੇਟ (ਰੋਗਨ ਵੇਚਣ ਵਾਲੇ ਸਟੋਰਾਂ ਤੋਂ ਮਿਲਦਾ ਹੈ), 250 ਐੱਮ ਐੱਲ (1 ਕੱਪ) ਕਲੋਰੀਨ ਬਲੀਚ ਜਾਂ ਕਿਸੇ ਰੋਗਾਣੂ-ਨਾਸ਼ਕ ਪਦਾਰਥ ਨੂੰ 4 ਲੀਟਰ (1 ਗੈਲਨ) ਪਾਣੀ ਵਿਚ ਮਿਲਾਉ। ਇਕ ਵੇਲੇ ਇਕ ਥਾਂ ਸਾਫ਼ ਕਰੋ ਅਤੇ ਅਜਿਹਾ ਫਰਸ਼ ਤੋਂ ਉੱਪਰ ਨੂੰ ਕਰੋ। ਬਾਅਦ ਵਿਚ ਫੌਰਨ ਸਾਫ਼ ਪਾਣੀ ਨਾਲ ਧੋਵੋ। ਸੀਲਿੰਗ ਨੂੰ ਸਭ ਤੋਂ ਬਾਅਦ ਵਿਚ ਸਾਫ਼ ਕਰੋ। ਸੀਲਿੰਗਾਂ ਦੇ ਪੂਰੀ ਤਰ੍ਹਾਂ ਸੁੱਕ ਜਾਣ ਤੋਂ ਪਹਿਲਾਂ ਦੁਬਾਰਾ ਰੰਗ ਨਾ ਕਰੋ।
  - **ਪੇਪਰ ਲੱਗੀਆਂ ਕੰਧਾਂ:** ਆਮ ਤੌਰ 'ਤੇ ਕੰਧਾਂ 'ਤੇ ਲੱਗੇ ਪੇਪਰ ਨੂੰ ਬਚਾਇਆ ਨਹੀਂ ਜਾ ਸਕਦਾ। ਆਪਣੇ ਵਾਲਪੇਪਰ ਡੀਲਰ ਤੋਂ ਪਤਾ ਕਰੋ। ਜੇ ਕੰਧਾਂ 'ਤੇ ਲੱਗਾ ਪੇਪਰ ਬਚਾਉਣ ਯੋਗ ਹੋਵੇ ਤਾਂ ਪਲਸਤਰ ਅਤੇ ਪੇਪਰ ਨੂੰ ਸੁਕਾਉਣ ਲਈ ਕਈ ਦਿਨ ਕਮਰੇ ਨੂੰ ਗਰਮ ਰੱਖੋ ਅਤੇ ਇਸ ਵਿਚ ਹਵਾਦਾਰੀ ਹੁੰਦੀ ਰਹੇ। ਢਿੱਲੇ ਕਿਨਾਰਿਆਂ ਜਾਂ ਹਿੱਸਿਆਂ ਨੂੰ ਦੁਬਾਰਾ ਚਿਪਕਾਉਣ ਲਈ ਕਮਰਸ਼ੀਅਲ ਪੇਸਟ ਵਰਤੋ। ਧੋਣ ਯੋਗ ਵਾਲਪੇਪਰ ਨੂੰ ਰੋਗਨ ਵਾਲੀਆਂ ਕੰਧਾਂ ਵਾਂਗ ਸਾਫ਼ ਕੀਤਾ ਜਾ ਸਕਦਾ ਹੈ, ਪਰ ਛੇਤੀ ਨਾਲ ਕੰਮ ਕਰੋ ਤਾਂ ਜੋ ਤੁਸੀਂ ਪੇਪਰ ਨੂੰ ਗਿੱਲਾ ਨਾ ਕਰ ਦੇਵੋ। ਲਕੀਰਾਂ ਪੈਣ ਤੋਂ ਰੋਕਥਾਮ ਕਰਨ ਲਈ ਹੇਠਾਂ ਤੋਂ ਉੱਪਰ ਨੂੰ ਸਾਫ਼ ਕਰੋ।
- **ਫਰਨੀਚਰ ਅਤੇ ਲੱਕੜੀ:** ਫਰਨੀਚਰ ਉੱਪਰ ਕੈਮੀਕਲ ਨਾ ਵਰਤੋ। ਮਿੱਟੀ ਲਾਹੋ। ਦਰਾਜ ਲਾਹੋ ਅਤੇ ਚੰਗੀ ਤਰ੍ਹਾਂ ਸੁੱਕਣ ਦਿਉ ਤਾਂ ਜੋ ਉਹ ਵਿੰਗੇ ਨਾ ਹੋਣ। ਲੱਕੜੀ (ਫਰਨੀਚਰ, ਕਿਚਨ ਕੈਬਨਿਟਾਂ, ਰੇਲਿੰਗ, ਆਦਿ) ਦੀਆਂ ਪਰਤਾਂ ਨੂੰ ਕਰੜੇ ਬੁਰਸ਼ ਅਤੇ ਲੱਕੜੀ ਸਾਫ਼ ਕਰਨ ਵਾਲੇ ਘੋਲ ਨਾਲ ਰਗੜੋ। ਚੰਗੀ ਤਰ੍ਹਾਂ ਸੁਕਾਉ, ਪਰ ਫਰਨੀਚਰ ਨੂੰ ਧੁੱਪੇ ਨਾ ਰੱਖੋ ਕਿਉਂਕਿ ਲੱਕੜ ਵਿੰਗੀ ਹੋ ਜਾਵੇਗੀ ਅਤੇ ਇਸ ਦੀ ਸ਼ਕਲ ਵਿਗੜ ਜਾਵੇਗੀ।

  ਜੇ ਉੱਲੀ ਲੱਗ ਗਈ ਹੈ ਤਾਂ ਬੋਰਿਕ ਏਸਿਡ ਅਤੇ ਗਰਮ ਪਾਣੀ ਦੇ ਘੋਲ ਵਿਚ ਕੱਪੜਾ ਭਿਉਂ ਕੇ ਲੱਕੜੀ ਨੂੰ ਸਾਫ਼ ਕਰੋ (ਮਾਤਰਾ ਲਈ ਪੈਕਟ 'ਤੇ ਲਿਖਿਆ ਦੇਖੋ)।

  ਪਾਣੀ ਦੇ ਦਾਗ ਜਾਂ ਧੂੰਏਂ ਦੀ ਪਰਤ ਲਾਹੁਣ ਲਈ 125 ਐੱਮ ਐੱਲ (ਅੱਧਾ ਕੱਪ) ਘਰੇਲੂ ਵਰਤੋਂ ਵਾਲੇ ਅਮੋਨੀਆ ਅਤੇ 125 ਐੱਮ ਐੱਲ (ਅੱਧਾ ਕੱਪ) ਪਾਣੀ ਦੇ ਘੋਲ ਵਿਚ ਕੱਪੜਾ ਭਿਉਂ ਕਿ ਰਗੜੋ। ਪੂੰਝ ਕੇ ਸੁਕਾਉ ਅਤੇ ਵੈਕਸ ਨਾਲ ਪਾਲਸ਼ ਕਰੋ।

  ਪੁਰਾਤਨ ਅਤੇ ਵਧੀਆ ਕਲਾ ਕ੍ਰਿਤਾਂ ਦੀ ਸਫ਼ਾਈ ਲਈ ਪ੍ਰੋਫੈਸ਼ਨਲ ਸਲਾਹ ਲਵੋ (ਯੈਲੋ ਪੇਜਿਜ਼ ਵਿਚ "ਐਂਟੀਕ ਰਿਪੇਅਰ ਐਂਡ ਰੈੱਸਟੋਰੇਸ਼ਨ" ਥੱਲੇ ਦਰਜ ਹਨ)।
- **ਫਰਸ਼ਾਂ:** ਜੇ ਪਾਣੀ ਲਾਇਨੋ ਦੇ ਥੱਲੇ ਚਲਿਆ ਜਾਵੇ ਤਾਂ ਇਸ ਨਾਲ ਮੁਸ਼ਕ ਆ ਸਕਦਾ ਹੈ ਅਤੇ ਹੇਠਲੀ ਲੱਕੜੀ ਦੀ ਫਰਸ਼ ਵਿੰਗੀ ਹੋ ਸਕਦੀ ਹੈ। ਜੇ ਪਾਣੀ ਲਾਇਨੋ ਦੇ ਹੇਠ ਚਲਿਆ ਜਾਵੇ ਤਾਂ ਲਾਇਨੋ ਲਾਹ ਦਿਉ। ਫਲੋਰਿੰਗ ਦੇ ਕਿਸੇ ਡੀਲਰ ਤੋਂ ਇਹ ਪੁੱਛੋ ਕਿ ਉਹ ਤੁਹਾਨੂੰ ਕੋਈ ਅਜਿਹੇ ਘੋਲਕ ਬਾਰੇ ਦੱਸੇ ਜਿਹੜਾ ਫਰਸ਼ ਦਾ ਨੁਕਸਾਨ ਕੀਤੇ ਬਗੈਰ ਲਾਇਨੋ ਲਈ ਵਰਤੇ ਗਏ ਸੀਮਿੰਟ ਨੂੰ ਨਰਮ ਕਰਦਾ ਹੋਵੇ। ਲਾਇਨੋ ਬਦਲਨ ਤੋਂ ਪਹਿਲਾਂ ਫਰਸ਼ ਨੂੰ ਚੰਗੀ ਤਰ੍ਹਾਂ ਸੁੱਕਣ ਦਿਉ।

  ਲੱਕੜੀ ਜਾਂ ਲਾਇਨੋ ਵਾਲੀਆਂ ਫਰਸ਼ਾਂ ਨੂੰ ਸਾਫ਼ ਕਰਨ ਲਈ, ਚੰਗੀ ਕੁਆਲਟੀ ਦਾ ਫਲੋਰ ਕਲੀਨਰ ਵਰਤੋ। ਕਾਲਖ ਨੂੰ ਲਾਹੁਣ ਲਈ ਇਸ ਦੀ ਚਾਰ ਜਾਂ ਪੰਜ ਵਾਰ ਵਰਤੋਂ ਕਰਨ ਦੀ ਲੋੜ ਪੈ ਸਕਦੀ ਹੈ। ਫਿਰ ਕਿਸੇ ਵੈਕਸ (ਮੋਮ) ਪਾਲਸ਼ ਲਾਹੁਣ ਵਾਲੀ ਚੀਜ਼ ਦੀ ਵਰਤੋਂ ਕਰੋ ਅਤੇ ਮੁੜ ਤੋਂ ਵੈਕਸ ਪਾਲਸ਼ ਲਗਾਉ।
- **ਰੱਗ ਅਤੇ ਕਾਰਪਟ:** ਕਾਰਪਟ ਅਤੇ ਰੱਗਾਂ ਨੂੰ ਜਿੰਨਾ ਵੀ ਛੇਤੀ ਹੋ ਸਕੇ ਚੰਗੀ ਤਰ੍ਹਾਂ ਸਾਫ਼ ਕਰਨਾ ਜ਼ਰੂਰੀ ਹੈ।
  - **ਥ੍ਰੋ ਅਤੇ ਏਰੀਆ ਰੱਗ:** ਇਨ੍ਹਾਂ ਨੂੰ ਪੱਧਰਾ ਕਰ ਕੇ ਵਿਛਾਉ ਅਤੇ ਗਰਮ ਸੁੱਕੀ ਹਵਾ ਦੇ ਸੰਪਰਕ ਵਿਚ ਲਿਆਉ। ਰੱਗ ਵੱਲ ਨੂੰ ਪੱਖਾ ਕਰਨ ਨਾਲ ਵੀ ਫਾਇਦਾ ਹੋ ਸਕਦਾ ਹੈ। ਧਿਆਨ ਨਾਲ ਚੈੱਕ ਕਰੋ: ਭਾਵੇਂ ਕਿ ਉਪਰਲੀ ਤਹਿ ਸੁੱਕੀ ਦਿਖਾਈ ਦੇ ਸਕਦੀ ਹੈ ਪਰ ਉਪਰਲੇ ਰੇਸ਼ਿਆਂ ਦੇ ਮੁੱਢ ਵਿਚ ਰਹਿੰਦੀ ਸਿੱਲ ਰੱਗ ਨੂੰ ਤੇਜ਼ੀ ਨਾਲ ਗਾਲ ਸਕਦੀ ਹੈ। ਝੰਬ ਕੇ, ਝਾੜ ਕੇ ਜਾਂ ਵੈਕਿਊਮ ਕਰਕੇ ਸੁਕਾਉ। ਫਿਰ ਕਮਰਸ਼ੀਅਲ ਰੱਗ ਸ਼ੈਂਪੂ ਨਾਲ ਸ਼ੈਂਪੂ ਕਰੋ।
  - **ਵਾਲ-ਟੂ-ਵਾਲ ਕਾਰਪਟ:** ਪਾਣੀ ਅਤੇ ਮਿੱਟੀ ਨੂੰ ਕੱਢਣ ਲਈ ਗਿੱਲੇ/ਸੁੱਕੇ ਵਿਚ ਚੱਲਣ ਵਾਲੇ ਵੈਕਿਊਮ ਜਾਂ ਪਾਣੀ ਕੱਢਣ ਵਾਲੀ ਕਾਰਪਟ ਕਲੀਨਿੰਗ ਮਸ਼ੀਨ ਦੀ ਵਰਤੋਂ ਕਰੋ। ਜੇ ਲੋੜ ਪਵੇ ਤਾਂ ਕਾਰਪਟ ਦੇ ਹੇਠਾਂ ਤੋਂ ਸਿੱਲ ਚੁੱਕਣ ਲਈ ਕੋਈ ਕਮਰਸ਼ੀਅਲ ਡਰਾਇਰ ਵਰਤੋ। ਫਿਰ ਭਾਫ਼ ਨਾਲ ਸਾਫ਼ ਅਤੇ ਸ਼ੈਂਪੂ ਕਰੋ, ਅਤੇ ਲੋੜ ਪੈਣ 'ਤੇ ਅਜਿਹਾ ਫਿਰ ਕਰੋ। ਕਲੀਨਿੰਗ ਮਸ਼ੀਨ ਵਿਚ ਇਕ ਹਿੱਸਾ ਸਿਰਕਾ ਅਤੇ ਦੋ ਹਿੱਸੇ ਪਾਣੀ ਦੇ ਘੋਲ ਦੀ ਵਰਤੋਂ ਨਾਲ ਆਖਰੀ ਸਫ਼ਾਈ ਮੁਸ਼ਕ ਘਟਾਉਣ ਵਿਚ ਮਦਦ ਕਰੇਗੀ।
- **ਮੈਟਰੈਸ ਅਤੇ ਸਿਰ੍ਹਾਣੇ:** ਮੈਟਰੈਸ ਅਤੇ ਸਿਰ੍ਹਾਣੇ ਆਮ ਤੌਰ 'ਤੇ ਬਚਾਉਣਯੋਗ ਨਹੀਂ ਹੁੰਦੇ। ਜੇ ਤੁਹਾਨੂੰ ਕੁਝ ਸਮੇਂ ਲਈ ਮੈਟਰੈਸ ਜ਼ਰੂਰ ਹੀ ਵਰਤਣਾ ਪੈਣਾ ਹੈ ਤਾਂ ਇਸ ਨੂੰ ਧੁੱਪ ਵਿਚ ਹਵਾ ਲੱਗਣ ਦਿਉ ਅਤੇ ਫਿਰ ਪਲਾਸਟਿਕ ਦੀ ਸ਼ੀਟ ਨਾਲ ਢਕੋ।
- **ਕੱਪੜੇ:** ਜੇ ਕੱਪੜਿਆਂ 'ਤੇ ਧੂੰਏਂ ਦੇ ਦਾਗ ਪੈ ਗਏ ਹਨ ਤਾਂ ਇਹ ਸ਼ਾਇਦ ਸਾਫ਼ ਨਾ ਹੋਣ।

  ਉਨ੍ਹਾਂ ਕੱਪੜਿਆਂ ਤੋਂ ਧੂੰਏਂ ਦਾ ਮੁਸ਼ਕ ਅਤੇ ਕਾਲਖ ਹਟਾਉਣ ਲਈ, ਜਿਹੜੇ ਬਲੀਚ ਕੀਤੇ ਜਾ ਸਕਦੇ ਹਨ, ਕੱਪੜਿਆਂ ਨੂੰ, 125 ਐੱਮ ਐੱਲ (ਅੱਧਾ ਕੱਪ) ਘਰ ਵਿਚ ਵਰਤੇ ਜਾਣ ਵਾਲੇ ਅਮੋਨੀਆ ਅਤੇ 8 ਲੀਟਰ (2 ਗੈਲਨ) ਪਾਣੀ ਦੇ ਘੋਲ ਵਿਚ ਡੋਬੋ। ਸਿਰਕੇ ਅਤੇ ਪਾਣੀ ਦੇ ਘੋਲ ਵਿੱਚੋਂ ਕੱਢੋ। ਤੁਹਾਨੂੰ ਕਈ ਵਾਰ ਅਜਿਹਾ ਦੁਹਰਾਉਣ ਦੀ ਲੋੜ ਪੈ ਸਕਦੀ ਹੈ।

  ਜਿੰਨਾ ਵੀ ਛੇਤੀ ਹੋ ਸਕੇ, ਵੂਲ, ਸਿੱਲਕ ਅਤੇ ਰੇਅਨ ਦੇ ਕੱਪੜਿਆਂ ਅਤੇ ਪਰਦਿਆਂ ਨੂੰ ਕਿਸੇ ਪ੍ਰੋਫੈਸ਼ਨਲ ਡਰਾਈ ਕਲੀਨਰ ਕੋਲ ਲੈ ਕੇ ਜਾਉ।
- **ਫਰਿੱਜਾਂ ਅਤੇ ਫਰੀਜ਼ਰ:** ਆਪਣੀ ਫਰਿਜ ਜਾਂ ਫਰੀਜ਼ਰ ਵਿੱਚੋਂ ਆਉਂਦਾ ਮੁਸ਼ਕ ਹਟਾਉਣ ਲਈ, ਇਨ੍ਹਾਂ ਦਾ ਅੰਦਰਲਾ ਪਾਸਾ ਬੇਕਿੰਗ ਸੋਡੇ ਅਤੇ ਪਾਣੀ ਨਾਲ ਧੋਵੋ, ਜਾਂ 250 ਐੱਮ ਐੱਲ (1 ਕੱਪ) ਸਿਰਕੇ ਜਾਂ ਘਰੇਲੂ ਵਰਤੋਂ ਵਾਲੇ ਅਮੋਨੀਆ ਨੂੰ 4 ਲੀਟਰ (1 ਗੈਲਨ) ਪਾਣੀ ਵਿਚ ਮਿਲਾ ਕੇ ਇਸ ਨਾਲ ਧੋਵੋ। ਇਹ ਪੱਕਾ ਕਰੋ ਕਿ ਅਜਿਹਾ ਚੰਗੀ ਹਵਾਦਾਰੀ ਵਾਲੀ ਥਾਂ 'ਤੇ ਕੀਤਾ ਜਾ ਰਿਹਾ ਹੈ। ਮੁਸ਼ਕ ਨੂੰ ਜਜ਼ਬ ਕਰਨ ਲਈ ਬੇਕਿੰਗ ਸੋਡੇ ਦਾ ਇਕ ਖੁੱਲ੍ਹਾ ਡੱਬਾ ਜਾਂ ਕੋਲੇ ਦਾ ਟੁਕੜਾ ਫਰਿਜ ਵਿਚ ਰੱਖ ਦਿਉ।

**ਚਿਤਾਵਨੀ:** ਫਰਿਜ ਜਾਂ ਫਰੀਜ਼ਰ ਨੂੰ ਸਾਫ਼ ਕਰਨ ਵੇਲੇ ਜਾਂ ਸੁੱਟਣ ਵੇਲੇ ਇਹ ਪੱਕਾ ਕਰੋ ਕਿ ਇਸ ਦੇ ਦਰਵਾਜ਼ੇ ਜਾਂ ਲੌਕ ਕੱਢ ਲਏ ਗਏ ਹਨ ਜਾਂ ਸੁਰੱਖਿਅਤ ਤਰੀਕੇ ਨਾਲ ਬੰਦ ਕਰ ਦਿੱਤੇ ਗਏ ਹਨ ਤਾਂ ਜੋ ਕਿਸੇ ਬੱਚੇ ਦੇ ਅੰਦਰ ਜਾਣ ਤੋਂ ਰੋਕਥਾਮ ਕੀਤੀ ਜਾ ਸਕੇ।

- **ਖਾਣਾ ਬਣਾਉਣ ਵਾਲੇ ਭਾਂਡੇ:** ਪਤੀਲਿਆਂ, ਕੜਾਹੀਆਂ, ਤਵਿਆਂ, ਆਦਿ ਨੂੰ ਸਾਬਣ ਵਾਲੇ ਪਾਣੀ ਨਾਲ ਧੋਵੋ, ਪਾਣੀ ਵਿਚੋਂ ਕੱਢੋ ਅਤੇ ਸਾਫ਼ ਕਰਨ ਵਾਲੇ ਬਰੀਕ ਪਾਊਡਰ ਨਾਲ ਪਾਲਸ਼ ਕਰੋ। ਤੁਸੀਂ ਤਾਂਬੇ ਅਤੇ ਪਿੱਤਲ ਦੇ ਭਾਂਡੇ, ਇਕ ਖਾਸ ਪਾਲਸ਼ ਨਾਲ, ਨਿੰਬੂ ਦੇ ਟੁਕੜੇ ਉੱਤੇ ਲੂਣ ਪਾ ਕੇ ਜਾਂ ਸਿਰਕੇ ਵਿਚ ਤਰ ਕੀਤੇ ਕੱਪੜੇ ਉੱਪਰ ਲੂਣ ਪਾ ਕੇ ਪਾਲਸ਼ ਕਰ ਸਕਦੇ ਹੋ।

- **ਚਮੜੇ ਦੀਆਂ ਚੀਜ਼ਾਂ:** ਚਮੜੇ ਦੀਆਂ ਚੀਜ਼ਾਂ ਨੂੰ ਪ੍ਰੋਫੈਸ਼ਨਲ ਤਰੀਕੇ ਨਾਲ ਸਾਫ਼ ਕਰਵਾਉਣਾ ਚੰਗਾ ਹੈ। ਸੂਟਕੇਸਾਂ, ਜੁੱਤੀਆਂ ਅਤੇ ਪਰਸਾਂ ਨੂੰ ਗਿੱਲੇ ਕੱਪੜੇ ਨਾਲ ਪੂੰਝੋ ਅਤੇ ਬਾਅਦ ਵਿਚ ਸੁੱਕੇ ਕੱਪੜੇ ਨਾਲ। ਪਰਸਾਂ ਅਤੇ ਜੁੱਤੀਆਂ ਦੀ ਸ਼ਕਲ ਕਾਇਮ ਰੱਖਣ ਲਈ ਇਨ੍ਹਾਂ ਵਿਚ ਅਖਬਾਰਾਂ ਤੁੰਨ ਦਿਉ। ਸੂਟਕੇਸਾਂ ਨੂੰ ਖੁੱਲ੍ਹੇ ਰੱਖੋ। ਜਦੋਂ ਚਮੜੇ ਦੀਆਂ ਚੀਜ਼ਾਂ ਸੁੱਕ ਜਾਣ ਤਾਂ ਇਨ੍ਹਾਂ ਨੂੰ ਸੈਡਲ ਸੋਪ ਨਾਲ ਸਾਫ਼ ਕਰੋ।

- **ਜਿੰਦਰੇ ਅਤੇ ਕਬਜ਼ੇ:** ਜਿੰਦਰਿਆਂ ਨੂੰ, ਖਾਸ ਕਰਕੇ ਲੋਹੇ ਵਾਲਿਆਂ ਨੂੰ, ਖੋਲ੍ਹ ਕੇ ਮਿੱਟੀ ਦੇ ਤੇਲ ਨਾਲ ਸਾਫ਼ ਕੀਤਾ ਜਾਣਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਤੇਲ ਦਿੱਤਾ ਜਾਣਾ ਚਾਹੀਦਾ ਹੈ। ਜੇ ਜਿੰਦਰੇ ਲਾਹੇ ਨਾ ਜਾ ਸਕਦੇ ਹੋਣ ਤਾਂ ਢਿੰਬਰੀ ਰਾਹੀਂ ਜਾਂ ਕੁੰਜੀ ਪਾਉਣ ਵਾਲੀ ਮੋਰੀ ਰਾਹੀਂ ਮਸ਼ੀਨ ਆਇਲ ਦੀ ਪਿਚਕਾਰੀ ਮਾਰੋ ਅਤੇ ਮੁੱਠੇ ਨੂੰ ਘਮਾਉ ਤਾਂ ਜੋ ਤੇਲ ਅੰਦਰ ਚਲਾ ਜਾਵੇ। ਕਬਜ਼ਿਆਂ ਨੂੰ ਵੀ ਚੰਗੀ ਤਰ੍ਹਾਂ ਸਾਫ਼ ਕੀਤਾ ਜਾਣਾ ਚਾਹੀਦਾ ਹੈ ਅਤੇ ਤੇਲ ਦਿੱਤਾ ਜਾਣਾ ਚਾਹੀਦਾ ਹੈ।

- **ਖਤਰਨਾਕ ਸਮੱਗਰੀ:** ਖਤਰਨਾਕ ਸਮੱਗਰੀ, ਜਿਵੇਂ ਕਿ ਘੋਲਕ, ਬਗੀਚੇ ਵਿਚ ਵਰਤੇ ਜਾਣ ਵਾਲੇ ਕੈਮੀਕਲ ਅਤੇ ਘਰ ਵਿਚ ਸਫ਼ਾਈ ਲਈ ਵਰਤੀਆਂ ਜਾਂਦੀਆਂ ਵਸਤਾਂ, ਜੋ ਕਿ ਪਾਣੀ ਵਿਚ ਭਿੱਜ ਗਈ ਹੈ ਜਾਂ ਪਾਣੀ ਨਾਲ ਹੋਏ ਨੁਕਸਾਨ ਦੀਆਂ ਨਿਸ਼ਾਨੀਆਂ ਦਿਖਾਈ ਦਿੰਦੀਆਂ ਹਨ, ਉਹ ਸੁੱਟ ਦੇਵੋ। ਖਤਰਨਾਕ ਸਮੱਗਰੀ ਨੂੰ ਸਹੀ ਤਰ੍ਹਾਂ ਕਿਵੇਂ ਸੁੱਟਣਾ ਹੈ, ਇਹ ਪਤਾ ਲਾਉਣ ਲਈ ਆਪਣੀ ਸਥਾਨਕ ਹੈਲਥ ਅਥਾਰਟੀ ਜਾਂ ਸੂਬੇ ਦੇ ਢੁਕਵੇਂ ਮਹਿਕਮੇ ਨਾਲ ਸੰਪਰਕ ਕਰੋ। ਖਤਰਨਾਕ ਸਮੱਗਰੀ ਨੂੰ ਹੱਥ ਲਾਉਣ ਵੇਲੇ ਰਬੜ ਦੇ ਦਸਤਾਨੇ, ਐਨਕਾਂ ਅਤੇ ਬਚਾਉ ਕਰਨ ਵਾਲੇ ਕੱਪੜੇ ਪਹਿਨੋ।

# ਕਦਮ ਅੱਠ: ਪੇਪਰਾਂ ਅਤੇ ਪੈਸਿਆਂ ਨੂੰ ਬਦਲਣਾ

ਨਿਸ਼ਾਨੀਆਂ ਲਾਉਣ ਵਾਲੀ ਇਹ ਸੂਚੀ ਚੀਜ਼ਾਂ ਨੂੰ ਬਦਲਨ ਦਾ ਰਿਕਾਰਡ ਰੱਖਣ ਵਿਚ ਤੁਹਾਡੀ ਮਦਦ ਕਰ ਸਕਦੀ ਹੈ।

| ਲਿਸਟ | ਤਬਾਹ ਜਾਂ ਗੁੰਮ | ਬਚ ਗਿਆ | ਕਿਵੇਂ ਅਤੇ ਕਿੱਥੋਂ ਬਦਲਣਾ | ਬਦਲ ਲਿਆ |
|---|---|---|---|---|
| ਜਨਮ ਦੇ ਸਰਟੀਫਿਕੇਟ<br>ਵਿਆਹ ਦੇ ਸਰਟੀਫਿਕੇਟ<br>ਮੌਤ ਦੇ ਸਰਟੀਫਿਕੇਟ | | | ਅੰਕੜਿਆਂ ਦਾ ਸੂਬਾਈ ਵਿਭਾਗ (Provincial Department of Vital Statistics) 250-952-2681<br>www.vs.gov.bc.ca ਜਾਂ ਗਵਰਮੈਂਟ ਏਜੰਟ ਦਾ ਸਥਾਨਕ ਦਫਤਰ<br>(ਹੇਠਾਂ ਨੋਟ ਨੰਬਰ 2 ਦੇਖੋ) | |
| ਤਲਾਕ ਦੇ ਪੇਪਰ | | | ਸੁਪਰੀਮ ਕੋਰਟ ਜਿੱਥੇ ਫੈਸਲਾ ਕੀਤਾ ਗਿਆ ਸੀ | |
| ਡਰਾਈਵਰ ਲਾਇਸੰਸ | | | ਗਵਰਮੈਂਟ ਏਜੰਟ ਦਾ ਸਥਾਨਕ ਦਫਤਰ<br>(ਹੇਠਾਂ ਨੋਟ ਨੰਬਰ 2 ਦੇਖੋ) | |
| ਇਨਸ਼ੋਰੈਂਸ ਪਾਲਿਸੀਆਂ ਅਤੇ ਆਟੋ ਰਜਿਸਟਰੇਸ਼ਨ | | | ਤੁਹਾਡਾ ਇਨਸ਼ੋਰੈਂਸ ਏਜੰਟ | |
| ਮਿਲਟਰੀ ਡਿਸਚਾਰਜ ਪੇਪਰ | | | ਲਾਇਬਰੇਰੀ ਐਂਡ ਆਰਕਾਈਵਜ਼ ਕੈਨੇਡਾ<br>1-866-578-7777 | |
| ਸਿਟੀਜ਼ਨਸ਼ਿਪ ਦੇ ਪੇਪਰ | | | ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ 1-888-242-2100<br>(ਹੇਠਾਂ ਨੋਟ ਨੰਬਰ 2 ਦੇਖੋ) | |
| ਪ੍ਰਮਾਨੈਂਟ ਰੈਜ਼ੀਡੈਂਟ ਕਾਰਡ | | | ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ 1-800-255-4541<br>(ਹੇਠਾਂ ਨੋਟ ਨੰਬਰ 2 ਦੇਖੋ) | |
| ਪਾਸਪੋਰਟ | | | ਸਥਾਨਕ ਪਾਸਪੋਰਟ ਦਫਤਰ<br>(ਹੇਠਾਂ ਨੋਟ ਨੰਬਰ 2 ਦੇਖੋ) | |
| ਇਨਕਮ ਟੈਕਸ ਦੇ ਰਿਕਾਰਡ | | | ਰੈਵੇਨਿਊ ਕੈਨੇਡਾ | |
| ਵਸੀਅਤਾਂ | | | ਤੁਹਾਡਾ ਵਕੀਲ | |
| ਡਾਕਟਰੀ ਰਿਕਾਰਡ | | | ਤੁਹਾਡਾ ਫੈਮਿਲੀ ਡਾਕਟਰ | |
| ਮੈਡੀਕਲ ਸਰਵਿਸਿਜ਼ ਪਲੈਨ | | | ਹੈਲਥ ਇਨਸ਼ੋਰੈਂਸ ਬੀ ਸੀ<br>604-683-7151 (ਵੈਨਕੂਵਰ) ਜਾਂ 1-800-663-7100<br>(ਹੇਠਾਂ ਨੋਟ ਨੰਬਰ 2 ਦੇਖੋ) | |
| ਸੋਸ਼ਲ ਇਨਸ਼ੋਰੈਂਸ ਕਾਰਡ<br>ਇਮਪਲੌਇਮੈਂਟ ਇਨਸ਼ੋਰੈਂਸ ਪੇਪਰ | | | ਹਿਊਮਨ ਰੀਸੋਰਸਿਜ਼ ਐਂਡ ਸਕਿਲਜ਼ ਡਿਵੈਲਪਮੈਂਟ ਕੈਨੇਡਾ<br>1-800-206-7218<br>(ਹੇਠਾਂ ਨੋਟ ਨੰਬਰ 2 ਦੇਖੋ) | |
| ਕੈਨੇਡਾ ਪੈਨਸ਼ਨ ਪਲੈਨ ਦੇ ਪੇਪਰ<br>ਓਲਡ ਏਜ ਸਕਿਓਰਟੀ ਕਾਰਡ | | | ਹਿਊਮਨ ਰੀਸੋਰਸਿਜ਼ ਐਂਡ ਸਕਿਲਜ਼ ਡਿਵੈਲਪਮੈਂਟ<br>ਕੈਨੇਡਾ ਇਨਕਮ ਸਕਿਓਰਟੀ ਪ੍ਰੋਗਰਾਮ 1-800-277-9914<br>(ਹੇਠਾਂ ਨੋਟ ਨੰਬਰ 2 ਦੇਖੋ) | |
| ਲੈਂਡ ਟਾਈਟਲਜ਼ | | | ਸੂਬੇ ਦਾ ਲੈਂਡ ਟਾਈਟਲ ਦਫਤਰ | |
| ਜਾਨਵਰਾਂ ਦੇ ਪਰਮਿਟ/ਲਾਇਸੰਸ | | | ਮਿਊਂਸਪਲ ਦਫਤਰ | |
| ਬੈਂਕਾਂ ਦੀਆਂ ਕਾਪੀਆਂ | | | ਤੁਹਾਡੀ ਬੈਂਕ | |
| ਪੈਸੇ (ਅੱਧ-ਪਚੱਧੇ ਜਾਂ ਪੂਰੀ ਤਰ੍ਹਾਂ ਤਬਾਹ ਹੋ ਗਏ) | | | 1-800-303-1282<br>www.bankofcanada.ca/en/banknotes/mutilated/index.html<br>(ਹੇਠਾਂ ਨੋਟ ਨੰਬਰ 1 ਦੇਖੋ) | |
| ਕੈਨੇਡਾ ਸੇਵਿੰਗਜ਼ ਬੌਂਡ (ਅੱਧ-ਪਚੱਧੇ ਜਾਂ ਪੂਰੀ ਤਰ੍ਹਾਂ ਤਬਾਹ ਹੋ ਗਏ) | | | 1-800-575-5151<br>www2.csb.gc.ca/eng/service_bondholders_lost.asp<br>(ਹੇਠਾਂ ਨੋਟ ਨੰਬਰ 1 ਦੇਖੋ) | |
| ਕਰੈਡਿਟ ਕਾਰਡ | | | ਜਾਰੀ ਕਰਨ ਵਾਲੀਆਂ ਕੰਪਨੀਆਂ | |
| ਸਟੌਕ | | | ਜਾਰੀ ਕਰਨ ਵਾਲੀਆਂ ਕੰਪਨੀਆਂ ਜਾਂ ਤੁਹਾਡਾ ਵਕੀਲ | |

**ਚਿਤਾਵਨੀ:** ਜੇ ਤੁਹਾਡੇ ਘਰ ਨੂੰ ਅੱਗ ਨਾਲ ਨੁਕਸਾਨ ਹੋ ਗਿਆ ਸੀ ਅਤੇ ਤੁਹਾਡੇ ਪੇਪਰ ਸੇਫ ਵਿਚ ਹਨ ਤਾਂ ਸੇਫ ਨੂੰ ਉਦੋਂ ਤੱਕ ਖੋਲ੍ਹਣ ਦੀ ਕੋਸ਼ਿਸ਼ ਨਾ ਕਰੋ ਜਦੋਂ ਤੱਕ ਇਹ ਬਾਹਰੋਂ ਹੱਥ ਲਾਉਣ 'ਤੇ ਠੰਢੀ ਨਹੀਂ ਲੱਗਦੀ।

**ਨੋਟ ਨੰਬਰ 1:** ਜੇ ਤੁਹਾਡੇ ਘਰ ਨੂੰ ਅੱਗ ਜਾਂ ਪਾਣੀ ਨਾਲ ਨੁਕਸਾਨ ਹੋਇਆ ਹੈ ਤਾਂ ਕੋਈ ਵੀ ਬਚਦੇ ਪੇਪਰ ਇਕੱਠੇ ਕਰੋ ਅਤੇ ਅਗਾਂਹ ਹੋਰ ਨੁਕਸਾਨ ਤੋਂ ਬਚਾਉਣ ਲਈ ਇਨ੍ਹਾਂ ਨੂੰ ਇਕ ਲਿਫਾਫੇ ਵਿਚ ਪਾ ਲਉ ਕਿਉਂਕਿ ਇਹ ਕਲੇਮ ਲਈ ਜਾਂ ਦਿਖਾਉਣ ਦੇ ਮੰਤਵਾਂ ਲਈ ਫਾਇਦੇਮੰਦ ਹੋ ਸਕਦੇ ਹਨ।

**ਨੋਟ ਨੰਬਰ 2:** ਸ਼ਨਾਖਤੀ ਪੱਤਰ ਬਦਲਣ ਬਾਰੇ ਜਾਣਕਾਰੀ ਦੇਣ ਵਾਲਾ ਇਕ ਫਾਇਦੇਮੰਦ ਵੈੱਬਸਾਈਟ ਇਹ ਹੈ: www.servicecanada.gc.ca/en/idcards/idcards.html

# ਕਦਮ ਨੌਂ: ਇਨਸ਼ੋਰੈਂਸ ਦਾ ਮਹੱਤਵ ਹੈ

***ਇਹ ਭਾਗ ਉਨ੍ਹਾਂ ਲਈ ਹੈ ਜਿਨ੍ਹਾਂ ਦੇ ਘਰਾਂ ਦੀ ਇਨਸ਼ੋਰੈਂਸ ਹੈ।***

## ਸਾਰੀਆਂ ਚੀਜ਼ਾਂ ਲਿਖੋ

ਆਪਣੇ ਇਨਸ਼ੋਰੈਂਸ ਕਲੇਮ ਦੇ ਹਿੱਸੇ ਵਜੋਂ ਤੁਹਾਨੂੰ ਖਰਾਬ ਜਾਂ ਤਬਾਹ ਹੋਈਆਂ ਚੀਜ਼ਾਂ ਦੀ ਲਿਸਟ ਦੇਣ ਦੀ ਲੋੜ ਪਵੇਗੀ। ਆਪਣੀ ਇਨਸ਼ੋਰੈਂਸ ਪਾਲਸੀ ਦੀ ਨਜ਼ਰਸਾਨੀ ਕਰੋ ਤਾਂ ਜੋ ਤੁਸੀਂ ਇਹ ਸਮਝ ਸਕੋ ਕਿ ਕਿਹੜੀਆਂ ਚੀਜ਼ਾਂ ਦਰਜ ਕਰਨੀਆਂ ਹਨ। ਜੇ ਆਫ਼ਤ ਤੋਂ ਪਹਿਲਾਂ ਤੁਸੀਂ ਘਰ ਦੀਆਂ ਚੀਜ਼ਾਂ ਦੀ ਲਿਸਟ ਜਾਂ ਵੀਡੀਓ ਬਣਾਈ ਹੋਈ ਸੀ ਤਾਂ ਇਨਸ਼ੋਰੈਂਸ ਅਡਜਸਟਰ ਲਈ ਇਸ ਨੂੰ ਲੱਭੋ। ਜੇ ਤੁਸੀਂ ਬਣਾਈ ਨਹੀਂ ਸੀ ਹੋਈ ਜਾਂ ਜੇ ਇਹ ਤਬਾਹ ਹੋ ਗਈ ਹੈ ਤਾਂ ਆਪਣੇ ਇਨਸ਼ੋਰੈਂਸ ਏਜੰਟ ਤੋਂ ਚੀਜ਼ਾਂ ਲਿਖਣ ਲਈ ਮਾਲ-ਸੂਚੀ ਵਾਲਾ ਖਾਲੀ ਫਾਰਮ ਮੰਗੋ – ਇਸ ਨਾਲ ਤੁਹਾਨੂੰ ਚੀਜ਼ਾਂ ਦਾ ਚੇਤਾ ਆਵੇਗਾ।

ਜੇ ਸੰਭਵ ਹੋਵੇ ਤਾਂ ਅਪਲਾਇੰਸਾਂ ਅਤੇ ਘਰ ਦੇ ਉਪਕਰਨਾਂ ਦੇ ਸੀਰੀਅਲ ਨੰਬਰ ਲਿਖੋ। ਹਰ ਇਕ ਚੀਜ਼ ਦੀ ਅੰਦਾਜ਼ਨ ਕੀਮਤ ਨੋਟ ਕਰੋ। ਜੇ ਸੰਭਵ ਹੋਵੇ ਤਾਂ ਤਬਾਹ ਹੋਏ ਕਮਰਿਆਂ, ਫਰਨੀਚਰ ਅਤੇ ਹੋਰ ਚੀਜ਼ਾਂ ਦੀਆਂ ਨੇੜਿਉਂ ਫੋਟੋ ਲਉ ਜਾਂ ਵੀਡੀਓ ਬਣਾਉ।

ਚੀਜ਼ਾਂ ਦੀ ਲਿਸਟ ਮੁਕੰਮਲ ਹੋ ਜਾਣ ਤੋਂ ਬਾਅਦ, ਇਸ ਨੂੰ ਤਬਾਹ ਹੋਈਆਂ ਚੀਜ਼ਾਂ ਦੇ ਸਬੂਤ ਦੇ ਫਾਰਮ ਨਾਲ ਆਪਣੀ ਇਨਸ਼ੋਰੈਂਸ ਕੰਪਨੀ ਨੂੰ ਦਿਉ।

ਘਰ ਵਿਚ ਮੁੜ ਕੇ ਮੂਵ ਹੋ ਜਾਣ ਵੇਲੇ ਨਵੀਂਆਂ ਚੀਜ਼ਾਂ ਦੀ ਲਿਸਟ ਤਿਆਰ ਕਰਨਾ ਯਾਦ ਰੱਖੋ। ਇਹ ਲਿਖਤੀ, ਫੋਟੋਆਂ ਵਾਲੀ ਜਾਂ ਟੇਪ ਜਾਂ ਵੀਡੀਓ 'ਤੇ ਰਿਕਾਰਡ ਕੀਤੀ ਹੋ ਸਕਦੀ ਹੈ। ਇਸ ਨੂੰ ਘਰ ਤੋਂ ਬਾਹਰ ਸੇਫਟੀ ਡਿਪਾਜ਼ਿਟ ਬੌਕਸ ਵਿਚ ਜਾਂ ਪਰਿਵਾਰ ਦੇ ਹੋਰ ਥਾਂ ਰਹਿੰਦੇ ਕਿਸੇ ਮੈਂਬਰ ਕੋਲ ਜਾਂ ਅੱਗ ਅਤੇ ਪਾਣੀ ਤੋਂ ਸੁਰੱਖਿਅਤ ਰਹਿਣ ਵਾਲੀ ਸੇਫ ਵਿਚ ਰੱਖੋ।

## ਸਾਰੀਆਂ ਰਸੀਦਾਂ ਸਾਂਭੋ

ਆਪਣੀਆਂ ਚੀਜ਼ਾਂ ਦੀ ਕਾਪੀ, ਰਹਿਣ ਅਤੇ ਰਿਪੇਅਰ ਦੇ ਖਰਚਿਆਂ ਨਾਲ ਸੰਬੰਧਿਤ ਸਾਰੀਆਂ ਰਸੀਦਾਂ, ਪਰਮਿਟ, ਇੰਸਪੈਕਸ਼ਨ ਫਾਰਮ ਅਤੇ ਹੋਰ ਪੇਪਰ ਇਕ ਥਾਂ 'ਤੇ ਰੱਖੋ। ਤੁਹਾਨੂੰ ਇਨਸ਼ੋਰੈਂਸ ਦੇ ਮੰਤਵਾਂ ਲਈ ਇਨ੍ਹਾਂ ਦੀ ਲੋੜ ਪੈ ਸਕਦੀ ਹੈ।

## ਆਪਣੀ ਮੌਰਗੇਜ ਕੰਪਨੀ ਨੂੰ ਖਬਰ ਕਰੋ

ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਆਈ ਆਫ਼ਤ ਬਾਰੇ ਆਪਣੀ ਮੌਰਗੇਜ ਕੰਪਨੀ ਨੂੰ ਦੱਸੋ ਅਤੇ ਉਨ੍ਹਾਂ ਨੂੰ ਇਹ ਜਾਣਕਾਰੀ ਦਿੰਦੇ ਰਹੋ ਕਿ ਪ੍ਰਾਪਰਟੀ ਨੂੰ ਠੀਕ ਕਰਨ ਲਈ ਕੀ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਤੁਹਾਡੇ ਤੋਂ ਫਾਰਮ ਭਰਾਉਣ ਦੀ ਲੋੜ ਹੋ ਸਕਦੀ ਹੈ ਅਤੇ ਉਹ ਪ੍ਰਾਪਰਟੀ ਦੀ ਇੰਸਪੈਕਸ਼ਨ ਕਰਨਾ ਚਾਹੁੰਦੇ ਹੋ ਸਕਦੇ ਹਨ। ਰਲ ਕੇ ਕੰਮ ਕਰਨਾ ਤੁਹਾਡੇ ਸਾਂਝੇ ਫਾਇਦੇ ਲਈ ਚੰਗਾ ਹੈ। ਅਜਿਹਾ ਤਬਾਹ ਹੋਈਆਂ ਹੋਰ ਚੀਜ਼ਾਂ 'ਤੇ ਵੀ ਲਾਗੂ ਹੁੰਦਾ ਹੈ (ਜਿਵੇਂ: ਕਾਰ ਜਿਸ 'ਤੇ ਲੋਨ ਰਹਿੰਦਾ ਹੈ)।



# ਕਦਮ ਦਸ: ਆਫ਼ਤ ਤੋਂ ਬਾਅਦ – ਆਪਣੇ ਘਰ ਦੀ ਮੁਰੰਮਤ ਕਰਵਾਉਣਾ

***ਇਹ ਭਾਗ ਉਨ੍ਹਾਂ ਘਰਾਂ ਦੇ ਮਾਲਕਾਂ ਲਈ ਹੈ ਜਿਨ੍ਹਾਂ ਦੀ ਇਨਸ਼ੋਰੈਂਸ ਹੈ ਅਤੇ ਜਿਹੜੇ ਮੁਰੰਮਤ ਹੋ ਸਕਦੇ ਹਨ ਅਤੇ ਜਿਨ੍ਹਾਂ ਵਿਚ ਫਿਰ ਤੋਂ ਰਿਹਾ ਜਾ ਸਕਦਾ ਹੈ।***

ਜੇ ਤੁਹਾਡਾ ਘਰ ਕਿਸੇ ਕੁਦਰਤੀ ਆਫ਼ਤ – ਹੜ੍ਹ, ਅੱਗ, ਸੁਨਾਮੀ, ਭੁਚਾਲ – ਕਾਰਨ ਤਬਾਹ ਹੋਇਆ ਹੈ ਤਾਂ ਤੁਹਾਨੂੰ ਘਰ ਦੀ ਮੁਰੰਮਤ ਅਤੇ ਇਸ ਨੂੰ ਮੁੜ ਕੇ ਰਹਿਣਯੋਗ ਬਣਾਉਣ ਲਈ ਕਿਸੇ ਚੰਗੇ ਕੌਨਟਰੈਕਟਰ (ਠੇਕੇਦਾਰ) ਨੂੰ ਲੱਭਣ ਦੀ ਲੋੜ ਪਵੇਗੀ।

ਕਿਸੇ ਆਫ਼ਤ ਤੋਂ ਬਾਅਦ, ਯੋਗਤਾਪ੍ਰਾਪਤ ਕੌਨਟਰੈਕਟਰਾਂ ਦੀ ਮੰਗ ਸਪਲਾਈ ਨਾਲੋਂ ਵੱਧ ਜਾਣਾ ਲਾਜ਼ਮੀ ਹੈ। ਨਤੀਜੇ ਵਜੋਂ, ਕੁਝ ਲੋਕਾਂ ਨੂੰ ਇਹ ਲੱਗ ਸਕਦਾ ਹੈ ਕਿ ਉਨ੍ਹਾਂ ਨੇ ਪਾਰਟ-ਟਾਈਮ ਕੌਨਟਰੈਕਟਰ ਨਾਲ ਠੇਕਾ ਕਰ ਲਿਆ ਹੈ, ਜੋ ਕਿ ਹੋ ਸਕਦਾ ਵਾਜਬ ਸਮੇਂ ਵਿਚ ਕੰਮ ਨਾ ਮੁਕਾ ਸਕਣ; ਜਾਂ ਗੈਰ ਤਜਰਬੇਕਾਰ ਕੌਨਟਰੈਕਟਰਾਂ ਨਾਲ ਜੋ ਸ਼ਾਇਦ ਚੰਗਾ ਕੰਮ ਨਾ ਕਰ ਸਕਣ; ਜਾਂ ਬੇਈਮਾਨ ਕੌਨਟਰੈਕਟਰਾਂ ਨਾਲ ਜਿਨ੍ਹਾਂ ਨੇ ਤੇਜ਼ੀ ਨਾਲ ਪੈਸੇ ਬਣਾਉਣ ਦਾ ਮੌਕਾ ਸਾਂਭ ਲਿਆ ਹੈ।

ਇਹ ਗੱਲ ਸਮਝ ਆਉਂਦੀ ਹੈ ਕਿ ਫਿਕਰਮੰਦ ਘਰ-ਮਾਲਕ ਅਤੇ ਪ੍ਰਾਪਰਟੀਆਂ ਦੇ ਮਾਲਕ ਆਪਣੀ ਪ੍ਰਾਪਰਟੀ ਨੂੰ ਮੁੜ ਕੇ ਪਹਿਲਾਂ ਵਰਗੀ ਬਣਾਉਣ ਲਈ ਉਤਸਕ ਹੁੰਦੇ ਹਨ।

**ਘਰ ਦੀ ਮੁਰੰਮਤ ਦੇ ਕਾਰਜ ਲਈ ਵਰਤੀਆਂ ਜਾਣ ਵਾਲੀਆਂ ਕੁਝ ਸਾਵਧਾਨੀਆਂ ਇਹ ਹਨ:**

- ਇਹ ਪਤਾ ਲਾਉਣ ਲਈ ਆਪਣੀ ਲੋਕਲ ਅਥਾਰਟੀ (ਮਿਊਂਸਪਿਲਟੀ ਜਾਂ ਰੀਜਨਲ ਡਿਸਟਰਿਕਟ) ਨਾਲ ਸੰਪਰਕ ਕਰੋ ਕਿ ਆਪਣੇ ਘਰ ਨੂੰ ਦੁਬਾਰਾ ਉਸਾਰਨ ਦੀਆਂ ਪਲੈਨਾਂ ਦਰਜ ਕਰਵਾਉਣ ਲਈ ਅਤੇ ਬਿਲਡਿੰਗ ਪਰਮਿਟ ਲੈਣ ਲਈ ਤੁਹਾਨੂੰ ਕਿਹੜੇ ਕਦਮ ਚੁੱਕਣ ਦੀ ਲੋੜ ਹੈ। ਇਹ ਗੱਲ ਮਨ ਵਿਚ ਰੱਖੋ ਕਿ ਘਰ ਅੱਜ ਦੇ ਬਿਲਡਿੰਗ ਕੋਡ ਮਿਆਰਾਂ ਮੁਤਾਬਕ ਉਸਾਰੇ ਜਾਣੇ ਜ਼ਰੂਰੀ ਹਨ, ਨਾ ਕਿ ਉਨ੍ਹਾਂ ਮਿਆਰਾਂ ਮੁਤਾਬਕ ਜਿਹੜੇ ਘਰ ਦੇ ਪਹਿਲੀ ਵਾਰ ਬਣਨ ਵੇਲੇ ਲਾਗੂ ਸਨ।
- ਤੁਹਾਡਾ ਇਨਸ਼ੋਰੈਂਸ ਅਡਜਸਟਰ ਮੁਰੰਮਤ ਕਰਨ ਲਈ ਚੰਗੇ ਕੌਨਟਰੈਕਟਰਾਂ ਬਾਰੇ ਦੱਸ ਸਕਦਾ ਹੈ ਜਾਂ ਤੁਸੀਂ ਦੋਸਤਾਂ, ਰਿਸ਼ਤੇਦਾਰਾਂ, ਗੁਆਂਢੀਆਂ ਜਾਂ ਸਾਥੀ ਵਰਕਰਾਂ ਤੋਂ ਪੁੱਛ ਸਕਦੇ ਹੋ।
- ਸਿਰਫ਼ ਲਾਇਸੰਸਸ਼ੁਦਾ ਅਤੇ ਇਨਸ਼ੋਰੈਂਸ ਵਾਲੇ ਕੌਨਟਰੈਕਟਰਾਂ ਨਾਲ ਹੀ ਵਰਤੋ। ਉਸ ਰੂਫਰ, ਬਿਲਡਰ ਜਾਂ ਕੌਨਟਰੈਕਟਰ ਦਾ ਰਿਕਾਰਡ ਚੈੱਕ ਕਰੋ ਜਿਸ ਨੂੰ ਠੇਕਾ ਦੇਣ ਬਾਰੇ ਤੁਸੀਂ ਵਿਚਾਰ ਕਰ ਰਹੇ ਹੋ। ਉਨ੍ਹਾਂ ਤੋਂ ਉਨ੍ਹਾਂ ਦੇ ਤਾਜ਼ੇ ਗਾਹਕਾਂ ਬਾਰੇ ਪੁੱਛੋ ਅਤੇ ਉਨ੍ਹਾਂ ਨੂੰ ਫੋਨ ਕਰੋ।
- ਕੌਨਟਰੈਕਟ 'ਤੇ ਦਸਖ਼ਤ ਕਰਨ ਲਈ ਆਪਣਾ ਸਮਾਂ ਲਵੋ। ਲਿਖਤੀ ਐਸਟੀਮੇਟ ਲਵੋ ਅਤੇ ਇਸ ਵਿਚ ਉਹ ਵਾਅਦੇ ਵੀ ਸ਼ਾਮਲ ਕਰੋ ਜਿਹੜੇ ਕੌਨਟਰੈਕਟਰ ਨੇ ਮੂੰਹ-ਜ਼ਬਾਨੀ ਕੀਤੇ ਹਨ। ਕੰਮ ਸ਼ੁਰੂ ਹੋਣ ਤੋਂ ਪਹਿਲਾਂ ਦਸਖ਼ਤਾਂ ਵਾਲੇ ਅੰਤਿਮ ਕੌਨਟਰੈਕਟ ਦੀ ਕਾਪੀ ਲਵੋ।
- ਕਿਸੇ ਵੀ ਅਜਿਹੇ ਕੌਨਟਰੈਕਟਰ ਨਾਲ ਵਰਤਣ ਤੋਂ ਇਨਕਾਰ ਕਰੋ ਜਿਹੜਾ ਸਾਰੇ ਕੰਮ ਦੇ ਪੈਸੇ ਪਹਿਲਾਂ ਮੰਗਦਾ ਹੋਵੇ। ਸਿਰਫ਼ ਚੈੱਕ ਜਾਂ ਕਰੈਡਿਟ ਕਾਰਡ ਨਾਲ ਹੀ ਪੈਸੇ ਦੇਵੋ – ਅਤੇ ਪੈਸਿਆਂ ਦਾ ਆਖਰੀ ਹਿੱਸਾ ਸਿਰਫ਼ ਉਦੋਂ ਦਿਉ ਜਦੋਂ ਕੰਮ ਤੁਹਾਡੀ ਸੰਤੁਸ਼ਟੀ ਮੁਤਾਬਕ ਮੁਕੰਮਲ ਹੋ ਜਾਵੇ। ਨਗਦ ਪੈਸੇ ਨਾ ਦਿਉ। ਕੰਮ ਮੁਕੰਮਲ ਹੋਣ ਤੋਂ ਕੁਝ ਦਿਨ ਬਾਅਦ ਤੱਕ ਕੁਝ ਪੈਸੇ ਰੋਕ ਰੱਖਣ ਬਾਰੇ ਸੋਚੋ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਕੰਮ ਠੀਕ ਹੋਇਆ ਹੈ।
- ਇਹ ਗੱਲ ਯਾਦ ਰੱਖੋ ਕਿ ਘਰ ਵਿਚ ਪਾਣੀ, ਸੂਅਰ, ਬਿਜਲੀ ਜਾਂ ਨੈਚਰਲ ਗੈਸ ਨੂੰ ਹੋਇਆ ਨੁਕਸਾਨ ਪਰਮਿਟ ਲੈ ਕੇ ਰਿਪੇਅਰ ਕੀਤਾ ਜਾਣਾ ਜ਼ਰੂਰੀ ਹੈ ਅਤੇ ਢੁਕਵੀਂ ਏਜੰਸੀ ਵਲੋਂ ਇਸ ਦੀ ਇੰਸਪੈਕਸ਼ਨ ਹੋਣੀ ਹੈ।

## ਜ਼ਰੂਰੀ ਫੋਨ ਨੰਬਰ

# ਇਕ ਵੇਲੇ ਇਕ ਕਦਮ

## ਆਫ਼ਤ ਤੋਂ ਪਹਿਲਾਂ ਵਾਲੀ ਹਾਲਤ ਵਿਚ ਆਉਣ ਲਈ ਗਾਈਡ

**ਸੂਬੇ ਦਾ ਐਮਰਜੰਸੀ ਪ੍ਰੋਗਰਾਮ**
**(Provincial Emergency Program)**
455 Boleskine Road
Victoria, BC V8Z 1E7
ਫੋਨ: (250) 952-4913
ਫੈਕਸ: (250) 952-4888
ਵੈੱਬਸਾਈਟ: www.pep.bc.ca
ਸੁਨੇਹਾ ਛੱਡਣ ਲਈ ਟੋਲ ਫਰੀ (ਦੂਰੋਂ ਮੁਫ਼ਤ) ਲਾਈਨ: 1-888-811-6233
ਕਿਸੇ ਐਮਰਜੰਸੀ ਬਾਰੇ ਰਿਪੋਰਟ ਕਰਨ ਲਈ ਟੋਲ ਫਰੀ ਲਾਈਨ: 1-800-663-3456

ਬ੍ਰਿਟਿਸ਼ ਕੋਲੰਬੀਆ ਦਾ ਪਬਲਿਕ ਸੇਫਟੀ ਵਿਭਾਗ ਅਤੇ ਸੋਲਿਸਟਰ ਜਨਰਲ ਅਤੇ ਸਰਕਾਰ, ਇਸ ਕਿਤਾਬ ਵਿਚਲੀ ਜਾਣਕਾਰੀ, ਜਾਂ ਇਸ ਜਾਣਕਾਰੀ ਦੀ ਪਾਲਣਾ ਕਰਦਿਆਂ ਜਾਂ ਕੋਈ ਜਾਣਕਾਰੀ ਸ਼ਾਮਲ ਨਾ ਹੋਣ ਕਰਕੇ, ਕਿਸੇ ਵਿਅਕਤੀ ਨੂੰ ਵੀ ਹੋਏ ਕਿਸੇ ਨੁਕਸਾਨ ਜਾਂ ਹਾਨੀ ਦੀ ਜ਼ਿੰਮੇਵਾਰੀ ਨਹੀਂ ਲੈਂਦੇ।